# ਮਲੂਕਾ

**ਸਾਧੂ ਸਿੰਘ ਧਾਮੀ** ਦੇ ਨਾਵਲ *ਮਲੂਕਾ* ਦਾ ਨਾਟਕੀ ਰੂਪਾਂਤਰਣ

***ਪਾਤਰ***

ਸਾਧੂ ਸਿੰਘ ਧਾਮੀ
ਮਲੂਕਾ
ਨੱਥਾ ਸਿੰਘ
ਗੰਡਾ ਸਿੰਘ
ਤਾਰਾ ਸਿੰਘ
ਡੋਰਿਸ
ਮਹਿਮਾਨ ਕਲਾਕਾਰ

# ਮਲੂਕਾ

(ਨਾਟਕ ਸ਼ੁਰੂ ਹੋਣ 'ਤੇ ਸਟੇਜ ਦੇ ਵਿਚਕਾਰ ਇਕ ਬੈਂਚ ਪਿਆ ਹੈ। ਸਾਧੂ ਸਿੰਘ ਧਾਮੀ ਮੰਚ 'ਤੇ ਆਉਂਦਾ ਹੈ।)

ਧਾਮੀ : ਮੈਂ ਸਾਧੂ ਸਿੰਘ ਧਾਮੀ ਹਾਂ। ਮੈਂ ਇਕ ਨਾਵਲ ਮਲੂਕਾ ਲਿਖਿਆ ਹੈ। ਇਹ ਨਾਟਕ ਸਾਲ ਪਹਿਲਾਂ ਕਨੇਡਾ ਵਿਚ ਆਏ ਹਿੰਦੁਸਤਾਨੀਆਂ ਦੀ ਜ਼ਿੰਦਗੀ ਤੋਂ ਸ਼ੁਰੂ ਹੁੰਦਾ ਹੈ। ਮੇਰੇ ਪਾਠਕ ਇਸ ਨੂੰ ਮੇਰਾ ਜ਼ਿੰਦਗੀਨਾਮਾ ਕਰਾਰ ਦਿੰਦੇ ਹਨ। ਮੈਂ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ, ਪਰ ਮੈਂ ਇਸ ਤੇ ਇਤਰਾਜ ਵੀ ਨਹੀਂ ਕਰਦਾ।

ਮੈਂ ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਪਿਪਲਾਂਵਾਲ ਵਿਚ 1906 ਵਿਚ ਪੈਦਾ ਹੋਇਆ। 18-19 ਸਾਲ ਦੀ ਉਮਰ ਵਿਚ ਕੈਨੇਡਾ ਆ ਗਿਆ। ਆਪਣੇ ਦਰਿਆ ਦਿਲ ਸ਼ੁਭਚਿੰਤਕ ਦੀ ਪ੍ਰੇਰਨਾ ਨਾਲ ਕੈਨੇਡਾ ਅਤੇ ਅਮਰੀਕਾ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਵਿਦਿਆ ਪ੍ਰਾਪਤ ਕੀਤੀ। ਪ੍ਰਦੇਸੀ ਸ਼ਕਤੀਆਂ 'ਤੇ ਭਰਪੂਰ ਜ਼ਿੰਦਗੀ ਜੀਵਿਆ ਤੇ ਫੇਰ ਆਪਣੀ ਆਖਰੀ ਉਮਰ ਵਿਚ ਸਵਿਟਜ਼ਰਲੈਂਡ ਦੇ ਖ਼ੂਬਸੂਰਤ ਸ਼ਹਿਰ ਜੈਨੀਵਾ ਵਿਚ ਰਿਹਾ। ਉਥੇ ਹੀ ਮੈਂ ਆਪਣੀ ਜ਼ਿੰਦਗੀ ਦਾ ਸਫ਼ਰ ਪੂਰਾ ਕੀਤਾ।

ਮੇਰਾ ਵਾਸਾ ਹੁਣ ਉਥੇ ਹੈ ਜਿਸ ਨੂੰ ਧਰਤੀ ਦੇ ਲੋਕ ਸਵਰਗ ਕਹਿੰਦੇ ਹਨ। ਪਰ ਧਰਤੀ ਦੇ ਲੋਕ ਇਸ ਪੱਖੋਂ ਕਾਫੀ ਮੂਰਖ ਹਨ। ਬ੍ਰਹਿਮੰਡ ਵਿਚ ਸਵਰਗ ਜਾਂ ਨਰਕ ਨਾਂ ਦੀ ਕੋਈ ਚੀਜ਼ ਨਹੀਂ। ਜੋ ਕੁਝ ਹੈ ਇਥੇ ਧਰਤੀ 'ਤੇ ਹੈ, ਇਸ ਨੂੰ ਸਵਰਗ ਬਣਾ ਲਵੋ ਤਾਂ ਇਹ ਸਵਰਗ ਹੈ, ਇਹਨੂੰ ਨਰਕ ਬਣਾ ਲਵੋ ਤਾਂ ਇਹ ਨਰਕ ਹੈ। ਮੈਂ ਇਸ ਧਰਤੀ 'ਤੇ ਸਵਰਗ ਵੀ ਵੇਖਿਆ ਹੈ ਤੇ ਨਰਕ ਵੀ ਵੇਖਿਆ ਹੈ, ਮੇਰਾ ਸਥੂਲ ਰੂਪ ਜ਼ਾਇਆ ਹੋ ਚੁੱਕਿਆ ਹੈ। ਸੂਖਮ ਰੂਪ ਤੁਹਾਡੇ ਸਾਹਮਣੇ ਹੈ। ਜਿਨ੍ਹਾਂ ਨੇ ਮੈਨੂੰ ਜੀਉਂਦਿਆਂ ਵੇਖਿਆ ਹੈ ਉਨ੍ਹਾਂ ਲਈ ਮੇਰੇ ਇਸ ਰੂਪ ਨੂੰ ਸਵੀਕਾਰ ਕਰਨਾ ਮੁਸ਼ਕਿਲ ਹੋਵੇਗਾ ਪਰ ਨਾਟਕ ਵਿਚ ਇਹ ਸਵਾਂਗ ਕਰਨੇ ਹੀ ਪੈਂਦੇ ਨੇ। ਮੈਂ ਇਸ ਨਾਟਕ ਦਾ ਕਥਾਕਾਰ ਵੀ ਹਾਂ ਤੇ ਪਾਤਰ ਵੀ ਹਾਂ। ਮੇਰਾ ਇਕ ਪਾਤਰ ਹੈ ਮਲੂਕਾ, ਜੋ ਬਹੁਤ

ਦੇਰ ਤੱਕ ਮੇਰਾ ਰੂਪ ਹੈ। ਇਕ ਪਾਤਰ ਹੈ ਨੱਥਾ ਸਿੰਘ, ਇਕ ਬਜ਼ੁਰਗ। ਮਲੂਕਾ ਜਦੋਂ ਨੱਥਾ ਸਿੰਘ ਨੂੰ ਮਿਲਿਆ, ਉਸ ਵੇਲੇ ਉਹ ਜਵਾਨ ਮੁੰਡਾ ਸੀ। ਨਵਾਂ ਨਵਾਂ ਪੰਜਾਬ ਤੋਂ ਆਇਆ ਸੀ।

*(ਮਲੂਕਾ ਸਟੇਜ 'ਤੇ ਆਉਂਦਾ ਹੈ ਧਾਮੀ ਕਥਾਕਾਰ ਵਾਲੀ ਥਾਂ 'ਤੇ ਜਾਂਦਾ ਹੈ।)*

ਮਲੂਕਾ : ਡੁਮੀਨਅਨ ਲੱਕੜ ਮਿਲ ਵਿਚ ਗਰੀਨ ਚੇਨ 'ਤੇ ਕੰਮ ਦਾ ਇਹ ਤੀਜਾ ਦਿਨ ਸੀ। ਦੁਪਹਿਰ ਤੋਂ ਪਹਿਲਾਂ ਪੰਜ ਘੰਟੇ ਇਹ ਹੌਲੀ ਹੌਲੀ ਬੀਤੇ ਸਨ ਅਤੇ ਅਜੇ ਓਵਰ ਟਾਈਮ ਸਮੇਤ ਪੰਜ ਜਾਂ ਸੱਤ ਘੰਟੇ ਹੋਰ ਬਚਦੇ ਸਨ। ਸਵੇਰ ਤੋਂ ਮਿਲ ਵਿਚ ਹੈਕਲੌਕ ਦਾ ਸਪੈਸ਼ਲ ਆਰਡਰ ਕੱਟਿਆ ਜਾ ਰਿਹਾ ਸੀ। ਇਹ ਇਮਾਰਤੀ ਗਿੱਲੀ ਲਕੜੀ ਕਾਫੀ ਭਾਰੀ ਸੀ। ਛੇਤੀ ਛੇਤੀ ਘਿਉ ਚੌਪੜੀਆਂ ਰੋਟੀਆਂ ਦਾਲ ਨਾਲ ਖਾ ਮੈਂ ਤਾਮਚੀਨੀ ਦੇ ਕੱਪ ਵਿਚ ਅੱਧੇ ਸ਼ੁੱਧ ਦੁੱਧ ਅਤੇ ਗਾੜ੍ਹੇ ਮਿੱਠੇ ਵਾਲੀ ਚਾਹ ਪਾ, ਦਰਿਆ ਕੰਢੇ, ਹਿੰਦੂ ਕੂਕ ਹਾਊਸ ਦੇ ਬਾਹਰ ਪਏ ਮੌਸਮਾਂ ਦੇ ਕੱਚੇ ਬੈਂਚ ਉਪਰ ਆ ਬੈਠਾ।

*(ਮਲੂਕਾ ਬੈਂਚ 'ਤੇ ਬੈਠ ਜਾਂਦਾ ਹੈ, ਉਹ ਇਕ ਐਸੀ ਮੁਦਰਾ ਵਿਚ ਫਰੀਜ਼ ਹੋ ਜਾਂਦਾ ਹੈ ਜਿਸ ਤਰ੍ਹਾਂ ਕਿਸੇ ਯਾਦ ਵਿਚ ਗੁੱਸਾ ਆਇਆ ਹੋਵੇ।)*

ਮੈਨੂੰ ਯਾਦ ਹੈ ਮੱਠੀ ਮੱਠੀ ਹਵਾ ਕਾਰਨ ਫਰੇਜ਼ਰ ਦਰਿਆ ਵਿਚ ਲਹਿਰਾਂ ਉੱਠ ਰਹੀਆਂ ਸਨ ਅਤੇ ਦੁਪਹਿਰ ਦੀ ਧੁੱਪ ਵਿਚ ਫਰੇਜ਼ਰ ਸਤਲੁਜ ਵਾਂਗ ਹੀ ਚਮਕ ਰਿਹਾ ਸੀ। ਹਾਂ, ਫਰੇਜ਼ਰ ਦਰਿਆ ਪੰਜਾਬ ਦੇ ਮੈਦਾਨਾਂ ਵਿਚ ਦੀ ਵਗਦੇ ਸਤਲੁਜ ਵਰਗਾ ਹੀ ਸੀ। ਉਂਝ ਵੀ ਮੈਨੂੰ ਜਾਪਿਆ ਕਿ ਬਿਗਾਨੇ ਮੁਲਕ ਵਿਚ ਅਨਜਾਣ ਲੋਕਾਂ ਨਾਲੋਂ ਦਰਿਆ ਨਾਲ ਸਾਂਝ ਪਾਉਣੀ ਸੌਖੀ ਸੀ। ਦਰਿਆਈ ਪੰਛੀ ਸੀਗਲ ਆਪਣੇ ਖੰਭਾਂ ਨੂੰ ਸੁਹਜਮਈ ਫੁਰਤੀ ਨਾਲ ਫੜਫੜਾਉਂਦੇ, ਦਰਿਆ ਉੱਪਰ ਨੀਵਾਂ-ਨੀਵਾਂ ਉੱਡਦੇ ਦੇ ਇਕ ਦਮ ਝਪੱਟਾ ਮਾਰ ਪਾਣੀ ਦੇ ਤਲ 'ਤੇ ਚਹਿਲ ਕਰਦੇ ਤਰਨ ਲਗਦੇ। ਮਾਹੌਲ ਖਿੱਚ ਪਾਉਣ ਵਾਲਾ ਸੀ। ਮੈਂ ਆਪਣੀ ਸੋਚ ਵਿਚ ਗੁੰਮ ਸਾਂ ਜਦੋਂ ਨੱਥਾ ਸਿੰਘ ਨੇ ਆ ਕੇ ਸੂਬੇਦਾਰਾਂ ਵਾਲਾ ਹੁਕਮੀ ਲਹਿਜੇ ਨਾਲ ਕਿਹਾ।

*(ਨੱਥਾ ਸਿੰਘ ਦੀ ਐਂਟਰੀ)*

ਨੱਥਾ ਸਿੰਘ : ਯੰਗ ਮੈਨ, ਜਾਣ ਦਾ ਟਾਈਮ ਹੋ ਗਿਆ ?

*(ਮਲੂਕਾ ਅੱਖਾਂ ਮਲਦਾ ਹੈ)*

ਦਰਿਆ ਵੱਲ ਵੇਖਣਾ ਤੈਨੂੰ ਚੰਗਾ ਲਗ ਰਿਹਾ ਹੈ। ਸ਼ਾਇਦ ਪਿਛਲੇ ਪਿੰਡ ਦੀ ਯਾਦ ਆ ਰਹੀ ਹੋਣੀ ਏ।

ਮਲੂਕਾ : ਹਾਂ, ਚਾਚਾ ਦਰਿਆ ਵੱਲ ਵੇਖਦਿਆਂ ਐਵੇਂ ਉਸ ਦੁਨੀਆ ਦੀ ਯਾਦ ਆ ਗਈ ਏ ਜਿਸ ਨੂੰ ਬਹੁਤ ਪਿਛੇ ਛੱਡ ਆਇਆ ਹਾਂ।

ਨੱਥਾ ਸਿੰਘ : ਕਿਹੜੀ ਦੁਨੀਆ ?

ਮਲੂਕਾ : ਉਹ ਦੁਨੀਆ ਜਿਸ ਵਿਚ ਕਪਾਹ ਅਤੇ ਮੱਕੀ ਦੇ ਲਹਿਰਾਉਂਦੇ ਖੇਤ ਹਰੇ ਭਰੇ ਅੰਬਾਂ ਦੇ ਬਾਗ, ਲੰਬੇ ਲੰਬੇ ਸਿੰਙਾਂ ਅਤੇ ਖੂਬਸੂਰਤ ਛੁੰਨਾਂ ਵਾਲੇ ਡੰਗਰ ਅਤੇ ਬਿਨਾਂ ਧੂੜ ਉਡਾਇਆਂ ਚੀਂ-ਚੀਂ ਕਰਦੇ ਮੱਠੀ ਚਾਲ ਚਲਦੇ ਗੱਡੇ। ਭੀੜ ਭਰੇ ਬਜ਼ਾਰਾਂ ਵਿਚ ਰੰਗ-ਬਿਰੰਗੇ ਕੱਪੜੇ ਪਾਈ ਮਰਦਾਂ ਅਤੇ ਔਰਤਾਂ ਦਾ ਤੁਰਨਾ, ਉੱਚੀ ਉੱਚੀ ਗੱਲਾਂ ਕਰਨਾ ਤੇ ਗੱਪ ਸ਼ੱਪ ਮਾਰਨਾ। ਲਿਸ਼ਕਦੀਆਂ ਕਾਲੀਆਂ ਅੱਖਾਂ ਅਤੇ ਚਮਕਦੇ ਚਿੱਟੇ ਦੰਦਾਂ ਵਾਲੀਆਂ ਮੁਟਿਆਰਾਂ ਦਾ ਚਰਖਾ ਕੱਤਦਿਆਂ ਦਾ ਗਾਉਣਾ, ਚੰਨ ਚਾਨਣੀ ਵਿਚ ਲੱਚਕਦਾਰ ਅਤੇ ਤਾਂਬੇ ਰੰਗੇ ਪਿੰਡਿਆਂ ਵਾਲੇ ਮੁੰਡਿਆਂ ਦਾ ਕਬੱਡੀ ਖੇਡਣਾ ਅਤੇ ਸਾਰੇ ਟੱਬਰ ਦਾ ਮੱਧਮ ਲੋਅ ਵਿਚ ਚੁੱਲ੍ਹੇ ਮੂਹਰੇ ਬੈਠ ਰੋਟੀ ਖਾਣਾ, ਦਰਿਆ ਵੱਲ ਵੇਖਦਿਆਂ ਸਭ ਕੁਝ ਯਾਦ ਆ ਗਿਆ।

ਨੱਥਾ ਸਿੰਘ : ਤੂੰ ਤਾਂ ਮੇਰੀਆਂ ਵੀ ਕਈ ਯਾਦਾਂ ਤਾਜ਼ਾ ਕਰਵਾ ਦਿੱਤੀਆਂ, ਪਰ ਪੁੱਤਰਾ ਇਹ ਨਾ ਭੁੱਲ ਤੂੰ ਜਵਾਨ ਏਂ ਤੇ ਜਵਾਨੀ ਪਿਛੇ ਨਹੀਂ ਵੇਖਿਆ ਕਰਦੀ, ਉਹ ਇਕ ਦਰਿਆ ਵਾਂਗ ਹੁੰਦੀ ਏ, ਜੋ ਹਮੇਸ਼ਾਂ ਅੱਗੇ ਵੱਲ ਵਹਿੰਦਾ ਏ।

ਮਲੂਕਾ : ਪਰ ਚਾਚਾ ਦਰਿਆ ਕੋਲ ਯਾਦਾਂ ਨਹੀਂ ਹੁੰਦੀਆਂ।

ਨੱਥਾ ਸਿੰਘ : ਤੈਨੂੰ ਕਿਸ ਤਰ੍ਹਾਂ ਪਤਾ ਏ ਨਹੀਂ ਹੁੰਦੀਆਂ। ਇਹਦੇ ਕੋਲ ਯਾਦਾਂ ਹਨ ਪਰ ਇਹ ਉਨ੍ਹਾਂ ਨੂੰ ਵਹਿਣਾ ਵਿਚ ਨਹੀਂ ਵਹਿੰਦਾ। ਇਹ ਉਨ੍ਹਾਂ ਨੂੰ ਚੁੱਪ ਚਾਪ ਆਪਣੇ ਵਹਾ ਵਿਚ ਸਮੋਈ ਵਗਦਾ ਹੈ। ਭਾਵੇਂ ਇਹ ਯਾਦਾਂ ਕਿੰਨੀਆਂ ਵੀ ਤਿੱਖੀਆਂ ਅਤੇ ਤਾਜ਼ਾ ਹੋਣ। ਇਹ ਪਹਾੜ ਵੱਲ ਵਾਪਸ ਨਹੀਂ ਜਾ ਸਕਦਾ। ਇਸ ਲਈ ਇਹ ਗੀਤ ਗਾਉਂਦਾ ਸਮੁੰਦਰ ਵਿਚ ਜਾ ਡਿੱਗਦਾ ਹੈ।

ਮਲੂਕਾ : ਤੂੰ ਤਾਂ ਚਾਚਾ ਫਿਲਾਸਫਰਾਂ ਵਾਂਗ ਗੱਲਾਂ ਕਰਦਾ ਏਂ।

ਨੱਥਾ ਸਿੰਘ : ਹਾਂ ਇਸ ਉਮਰ ਵਿਚ ਆ ਕੇ ਬੰਦਾ ਥੋੜਾ ਬਹੁਤ ਫਿਲਾਸਫਰ ਜ਼ਰੂਰ ਬਣ ਜਾਂਦਾ ਏ। ਮੇਰੇ ਵੱਲ ਵੇਖ ਮੈਂ ਦਿਨੋਂ ਦਿਨ ਬੁੱਢਾ ਹੋਈ ਜਾਂਦਾ ਹਾਂ, ਫੇਰ ਵੀ ਅੱਗੇ ਵੱਲ ਵੇਖਦਾ ਹਾਂ, ਭਵਿੱਖ ਵੱਲ ਵੇਖਦਾ ਹਾਂ, ਪਿਛੇ ਵੱਲ ਨਹੀਂ। ਹਰ ਕਿਸੇ ਵਾਂਗ ਮੈਂ ਵੀ ਬਹੁਤ ਕੁਝ ਆਪਣੇ ਪਿਛੇ

ਦਾ ਆਪਣੇ ਅੰਦਰ ਸਮੇਟੀ ਫਿਰਦਾ ਹਾਂ। ਕਦੀ ਕਦੀ ਇਸਦਾ ਭਾਰ ਬਹੁਤ ਭਾਰਾ ਲੱਗਣ ਲੱਗਦੈ ਪਰ ਮੈਂ ਉਸ ਬਾਰੇ ਚਿੰਤਾ ਨਹੀਂ ਕਰਦਾ (ਵਕਫਾ) ਮੇਰੇ ਵੱਲ ਵੇਖ ਰਿਹਾ ਏ, ਮੈਂ ਬੁੱਢਾ ਹਾਂ, ਪਰ ਮੇਰੀ ਦਾਹੜੀ ਕਾਲੀ ਏ, ਮੈਂ ਇਹ ਦਾਹੜੀ ਮਾਲਕਾਂ ਨੂੰ ਬੇਵਕੂਫ ਬਣਾਉਣ ਲਈ ਰੰਗੀ ਹੋਈ ਏ ਕਿਉਂਕਿ ਉਹ ਇਕ ਬੁੱਢੇ ਆਦਮੀ ਨੂੰ ਕੰਮ 'ਤੇ ਨਹੀਂ ਰੱਖਦੇ। ਭਾਵੇਂ ਮੈਨੂੰ ਪਤਾ ਏ ਕਿ ਮੈਂ ਕਿਸੇ ਜਵਾਨ ਨਾਲੋਂ ਘੱਟ ਕੰਮ ਨਹੀਂ ਕਰਦਾ। ਯੰਗਮੈਨ ਸਿਰਫ਼ ਪੰਜ ਘੰਟੇ ਹੋਰ ਰਹਿੰਦੇ ਨੇ। ਅੱਜ ਓਵਰ ਟਾਈਮ ਹੈ ਨਹੀਂ।

*(ਦੋਨੋਂ ਜਾਂਦੇ ਹਨ)*

ਧਾਮੀ : ਨੱਥਾ ਸਿੰਘ ਇਕ ਜਾਣਦਾਰ ਬੰਦਾ ਏ, ਉਹ ਕੈਨੇਡਾ ਆਉਣ ਵਾਲੇ ਪਹਿਲੇ ਬੰਦਿਆਂ ਵਿਚੋਂ ਏ। ਕੈਨੇਡਾ ਵਿਚ ਹਿੰਦਸਤਾਨੀਆਂ ਅਤੇ ਖ਼ਾਸ ਕਰਕੇ ਪੰਜਾਬੀਆਂ ਦਾ ਆਉਣਾ ਆਪਣੇ ਆਪ ਵਿਚ ਇਕ ਦਿਲਚਸਪ ਇਤਿਹਾਸ ਹੈ। ਸੰਨ 1997 ਵਿਚ ਬ੍ਰਿਟਿਸ਼ ਕਵੀਨ ਐਲਗਜੈਂਡਰੀਆ, ਵਿਕਟੋਰੀਆ ਦੀ ਤਾਜ਼ ਪੋਸ਼ੀ ਦੀ 60ਵੀਂ ਸਿਲਵਰ ਜੁਬਲੀ ਮਨਾਈ ਜਾਣੀ ਸੀ। ਇਹਦੇ ਲਈ ਬ੍ਰਿਟਿਸ਼ ਇਮਪਾਇਰ ਅਧੀਨ ਵੱਖ-ਵੱਖ ਬਸਤੀਆਂ ਤੋਂ ਸਿਪਾਹੀਆਂ ਦੀਆਂ ਟੁੱਕੜੀਆਂ ਸਪੈਸ਼ਲ ਪਰੇਡ ਵਿਚ ਹਿੱਸਾ ਲੈਣ ਲਈ ਲੰਡਨ ਪਹੁੰਚੀਆਂ ਸਨ। ਇਨ੍ਹਾਂ ਵਿਚ ਹਿੰਦੁਸਤਾਨ ਵੀ ਪ੍ਰਤੀਨਿਧਤਾ ਕਰਦੀ ਪੰਜ ਪੰਜਾਬੀ ਸਿਪਾਹੀਆਂ ਦੀ ਟੁੱਕੜੀ ਦੀ ਸ਼ਾਮਲ ਸੀ, ਜੋ ਪਹਿਲਾਂ ਈਸਟਰਨ ਆਈਲੈਂਡਸ ਤੋਂ ਪੈਸੀਫਿਕ ਰਾਹੀਂ ਵੈਨਕੂਵਰ ਪਹੁੰਚੀ ਤੇ ਇਥੋਂ ਰੇਲਗੱਡੀ ਰਾਹੀਂ ਹੈਲੀਫੈਕਸ ਤੱਕ ਗਈ, ਜਿਥੋਂ ਉਨ੍ਹਾਂ ਨੇ ਅੱਗੇ ਲੰਡਨ ਲਈ ਸਮੁੰਦਰੀ ਜਹਾਜ਼ ਰਾਹੀਂ ਰਵਾਨਾ ਹੋਣਾ ਸੀ। ਇਸ ਰੇਲ ਯਾਤਰਾ ਦੌਰਾਨ ਉਨ੍ਹਾਂ ਨੂੰ ਸਾਰਾ ਕੈਨੇਡਾ ਵੇਖਣ ਦਾ ਮੌਕਾ ਮਿਲਿਆ ਤੇ ਵਾਪਸ ਪਹੁੰਚ ਕੇ ਉਨ੍ਹਾਂ ਨੇ ਇਸ ਵਿਸ਼ਾਲ ਅਤੇ ਲਗਭਗ ਬੇਆਬਾਦ ਮੁਲਕ ਬਾਰੇ ਹੋਰਨਾਂ ਹਿੰਦੀਆਂ ਨੂੰ ਦੱਸਿਆ ਤੇ ਇਸ ਤਰ੍ਹਾਂ ਇਮੀਗ੍ਰੇਸ਼ਨ ਮਹਿਕਮੇ ਦੇ ਰੀਕਾਰਡ ਮੁਤਾਬਿਕ ਸਨ। 203-04 ਦੇ ਕਰੀਬ ਹਿੰਦੀ ਨਾਗਰਿਕ ਕੈਨੇਡਾ ਆ ਕੇ ਵੱਸਣੇ ਆਰੰਭ ਹੋਏ। ਨੱਥਾ ਸਿੰਘ ਉਨ੍ਹਾਂ ਵਿਚੋ ਇਕ ਸੀ।

ਲਕੱੜੀ ਮਿਲ 'ਤੇ ਕੰਮ ਕਰਦੇ ਸਾਰੇ ਪੰਜਾਬੀਆਂ 'ਚ ਆਪਣਾ ਹੀ ਰੰਗ ਸੀ। ਸ਼ਾਮ ਸਾਰੇ ਇਕੱਠੇ ਬੈਠਦੇ, ਵੱਖ-ਵੱਖ ਸੋਚ ਅਤੇ ਵੱਖ-ਵੱਖ ਕਿਰਦਾਰਾਂ ਦੇ ਮਾਲਕ ਗੰਡਾ ਸਿੰਘ, ਜਿਸ ਨੇ ਦਾਹੜੀ ਕੇਸ ਕੱਟਾ ਲਏ ਸਨ, ਤਾਰਾ ਸਿੰਘ ਜੋ ਧਾਰਮਿਕ ਅਕੀਦੇ ਦਾ ਧਾਰਨੀ ਸੀ।

*(ਮਲੂਕਾ, ਨੱਥਾ ਸਿੰਘ, ਗੰਡਾ ਸਿੰਘ ਅਤੇ ਤਾਰਾ ਸਿੰਘ ਦੀ ਐਂਟਰੀ।)*

ਮਲੂਕਾ : ਇਹ ਕੁੱਕ-ਹਾਊਸ ਦਾ ਆਲਾ-ਦੁਆਲਾ ਹੈ। ਇਥੇ ਅਖ਼ਬਾਰ ਪੜ੍ਹਨਾ ਮੇਰੇ ਜਿੰਮੇ ਸੀ ਪਰ ਤਾਰਾ ਸਿੰਘ ਦੀ ਗੁਰਮੁੱਖੀ ਦੀ ਅਖ਼ਬਾਰ ਵੀ ਦੇਸੋਂ ਆਉਂਦੀ ਸੀ।

ਨੱਥਾ ਸਿੰਘ : ਹਾਂ, ਭਾਈ ਤਾਰਾ ਸਿੰਘ ਤੇਰੀ ਅਕਾਲੀ ਅਖ਼ਬਾਰ ਕੀ ਕਹਿੰਦੀ ਏ ?

ਗੰਡਾ ਸਿੰਘ : ਕਹਿੰਦੀ ਹੋਣੀ ਏ ਕੋਈ ਸਦੀਆਂ ਪੁਰਾਣੀ ਧਾਰਮਿਕ ਸ਼ਰਧਾ ਦੀ ਗੱਲ।

ਤਾਰਾ ਸਿੰਘ : ਗੰਡਾ ਸਿੰਘ, ਜੇ ਸ਼ਕਲ ਚੰਗੀ ਨਾ ਹੋਵੇ ਤਾਂ ਗੱਲ ਤਾਂ ਚੰਗੀ ਕਰਿਆ ਕਰ। ਇਹ ਦੱਸ ਧਰਮ ਤੋਂ ਬਿਨਾਂ, ਰੱਬ ਤੋਂ ਬਿਨਾਂ ਬੰਦਾ ਹੈ ਕੀ ? ਪਰ ਤੂੰ ਕੀ ਦਸੇਂਗਾ, ਮੈਂ ਹੀ ਦਸਦਾਂ ਹਾਂ। ਉਹ ਬਿਨਾਂ ਪਿਓ ਦੇ ਔਲਾਦ ਏ, ਉਹ ਜਿਹੜੇ ਲੋਕ ਕੇਸ ਕਟੀਂਦੇ ਨੇ, ਗੁਰੂਆਂ ਵਲੋਂ ਬਣਾਏ ਨਿਯਮਾਂ ਨੂੰ ਨਹੀਂ ਮੰਨਦੇ, ਉਹ ਵੱਲੋਂ ਦੱਸੇ ਸ਼ਾਨਾਮੱਤੇ ਰਾਹ ’ਤੇ ਨਹੀਂ ਚਲਦੇ, ਉਨ੍ਹਾਂ ਹਰਾਮ ਦੀ ਔਲਾਦ ਬਣਨਾ ਸਵਿਕਾਰਿਆਂ ਹੈ। ਇਹ ਕਿਤਨੀ ਸ਼ਰਮ ਦੀ ਗੱਲ ਏ।

ਗੰਡਾ ਸਿੰਘ : ਤੇ ਮੇਰੀ ਵੀ ਗੱਲ ਸੁਣ, ਮੈਂ ਕਾਲੇ ਖੋਪਿਆਂ ਵਾਲਾ ਗਧਾ ਬਣਨ ਦੀ ਥਾਂ ਅਕਲਮੰਦ ਹਰਾਮਜ਼ਾਦਾ ਬਣਨਾ ਜ਼ਿਆਦਾ ਪਸੰਦ ਕਰਾਂਗਾ।

ਤਾਰਾ ਸਿੰਘ : ਤੂੰ ਤੇ ਕਹਿਣਾ ਹੀ ਹੋਇਆ, ਤੂੰ ਆਪਣੀ ਅਗਵਾਈ ਨਾਸਤਿਕਾਂ ਤੇ ਕਮਿਊਨਿਸਟਾਂ ਤੋਂ ਲੈਂਦਾ ਏ। ਇਨ੍ਹਾਂ ਕਮਿਊਨਿਸਟਾਂ ਨੂੰ ਬੰਦੇ ਦੀ ਆਤਮਾ ਦਾ ਕੀ ਪਤਾ ? ਆਤਮਾ ਤੇ ਪ੍ਰਮਾਤਮਾ ਦੇ ਇਕ ਸੁਰ ਹੋਣ ਦਾ ਇਨ੍ਹਾਂ ਨੂੰ ਕੀ ?

ਗੰਡਾ ਸਿੰਘ : ਮੈਂ ਆਪਣੀ ਅਗਵਾਈ ਸਮਝ ਤੋਂ ਲੈਂਦਾ ਹਾਂ। ਇਸਨੂੰ ਮੈਂ ਕਿਸੇ ਤੰਗ ਨਜ਼ਰ ਗੁਰਦਵਾਰੇ ਦੇ ਭਾਈ ਕੋਲ ਗਹਿਣੇ ਨਹੀਂ ਰੱਖਿਆ ਹੋਇਆ।

ਤਾਰਾ ਸਿੰਘ : ਤੂੰ ਮੇਰੇ ’ਤੇ ਜਾਤੀ ਹਮਲਾ ਕਰ ਰਿਹਾ ਤੇ ਮੇਰੀ ਸਮਝ ਦਾ ਮਖੌਲ ਉਡਾ ਰਿਹਾ ਏਂ।

ਗੰਡਾ ਸਿੰਘ : ਹਾਂ ਉਡਾ ਰਿਹਾ ਹਾਂ, ਇਹ ਜਾਨਣ ਲਈ ਕਿ ਵੈਨਕੂਵਰ ਦੇ ਹੋਟਲ ਵਿਚ ਮਿਲਦੇ ਹਲਾਲ ਦੇ ਮੀਟ ਨੂੰ ਖਾਣਾ ਹੈ ਕਿ ਨਹੀਂ, ਅੰਬਰਸਰ ਨੂੰ ਖਤ ਲਿਖਣਾ ਹੈ। ਸੱਤ ਸਮੁੰਦਰ ਪਾਰ ਆਲੇ ਵੀ ਅੰਬਰ ਸਰ ਦੇ ਸਰੋਵਰ ਕੰਢੇ ਧੁੱਪ ਸੇਕਦੇ ਡੱਡੂਆਂ ਕੋਲੋਂ ਖਾਣ ਬਾਰੇ ਸਲਾਹਾਂ ਪੁੱਛਦਾ। ਭਾਈ ਜੀ, ਇਹ ਸਮਝਦਾਰ ਆਦਮੀ ਉਥੇ ਖਾਊ, ਜਿਥੇ ਹੋਰ ਲੋਕ ਖਾਂਦੇ ਹਨ ਅਤੇ ਇਹ ਗਧਾ ਜਾ ਘੋੜਾ ਉਥੇ ਚਰੇਗਾ, ਜਿਥੇ ਉਹਦੇ ਵਰਗੇ ਹੋਰ ਚਰਦੇ ਨੇ।

ਤਾਰਾ ਸਿੰਘ : ਮੈਂ ਆਪਣੇ ਧਰਮ ਦੇ ਉੱਪਰ ਚਲਦਾ ਹਾਂ, ਗੁਰੂ ਗੋਬਿੰਦ ਸਿੰਘ ਦੇ ਦੱਸੇ ਰਾਹ 'ਤੇ ਚਲਦਾ ਹਾਂ। ਉਸ ਗੁਰੂ ਦੇ ਰਾਹ 'ਤੇ ਜਿਸ ਨੇ ਸਾਰੇ ਸਮਾਜ ਵਿਚ ਇਨਕਲਾਬੀ ਤਬਦੀਲੀ ਲਿਆਂਦੀ। ਡਰੇ ਤੇ ਸਹਿਮੇ ਹੋਏ ਲੋਕਾਂ ਨੂੰ ਚਿੱੜੀਆਂ ਤੋਂ ਬਾਜ਼ ਬਣਾਇਆ।

ਗੰਡਾ ਸਿੰਘ : ਪਰ ਭਾਈ ਜੀ, ਅੱਜ ਜੋ ਮਸਲੇ ਨੇ ਉਸ ਵੇਲੇ ਨਹੀਂ ਸਨ। ਅੱਜ ਦੁਨੀਆ ਕਿਥੇ ਦੀ ਕਿਥੇ ਪੁੱਜ ਗਈ ਏ। ਅੱਜ ਜੇ ਗੁਰੂ ਇਥੇ ਆਏ ਤਾਂ ਉਸ ਨੂੰ ਬੜਾ ਅਚੰਭਾ ਹੋਵੇ। ਉਹ ਹੈਰਾਨੀ ਨਾਲ ਕਹੇ ਕਿ ਐ ਮੇਰੇ ਬਹਾਦੁਰ ਸਿੰਘੋ ਤੁਸੀਂ ਉਸ ਜਗ੍ਹਾ ਤੋਂ ਇਕ ਇੰਚ ਵੀ ਨਹੀਂ ਹਿੱਲੇ ਜਿਥੇ ਮੈਂ ਤੁਹਾਨੂੰ ਛੱਡ ਕੇ ਗਿਆ ਸੀ ਤੇ ਤੂੰ ਦੱਸ ਕੀ ਗੁਰੂ ਨੇ ਕਦੀ ਆਪਣੇ ਗੁਰੀਲੇ ਸਿੰਘਾਂ ਦੇ ਖਾਣ-ਪੀਣ ਦੀਆਂ ਚੀਜ਼ਾਂ 'ਤੇ ਬੰਦਸ਼ਾਂ ਲਾਈਆਂ ?ਕੀ ਉਨ੍ਹਾਂ ਨੇ ਇਹ ਹਿਦੈਤਾਂ ਨਹੀਂ ਸਨ ਦਿੱਤੀਆਂ ਕਿ ਖਾਣ-ਪੀਣ ਦੀ ਕਿਸੇ ਚੀਜ਼ 'ਤੇ ਸ਼ੱਕ ਹੋਵੇ ਤਾਂ ਆਪਣਾ ਕੜਾ ਉਸ ਨਾਲ ਛੂਹਾ, ਸਤਿ ਸ੍ਰੀ ਅਕਾਲ ਬੋਲੋ ਤੇ ਛਕ ਜਾਓ।

ਤਾਰਾ ਸਿੰਘ : ਪਰ ਇਸ ਵੇਲੇ ਅਸੀਂ ਕੋਈ ਗੁਰੀਲਾ ਯੁੱਧ ਨਹੀਂ ਲੜ ਰਹੇ।

ਨੱਥਾ ਸਿੰਘ : ਤਾਰਾ ਸਿੰਘ, ਇਥੇ ਵੀ ਸਾਨੂੰ ਰੋਜ਼ ਯੁੱਧ ਕਰਨਾ ਪੈਂਦਾ ਹੈ। ਨਸਲੀ ਤਸੀਹਾ ਹਰ ਪਲ ਸਹਿਣਾ ਪੈਂਦਾ ਹੈ। ਪਰ ਤੁਸੀਂ ਛੱਡੋ ਇਸ ਬਹਿਸ ਨੂੰ ਗੰਡਾ ਸਿੰਘ ਨੇ ਤਾਰਾ ਸਿੰਘ ਦੇ ਕਹੇ ਕੇਸ ਰੱਖਣੇ ਨਹੀਂ ਤੇ ਨਾ ਹੀ ਤਾਰਾ ਸਿੰਘ ਨੇ ਧਰਮ ਦਾ ਵਖਿਆਣ ਦੇਣੋਂ ਹੱਟਣਾ ਏ। ਧਰਮ ਦੀਆਂ ਗੱਲਾਂ ਆਪਾਂ ਗੁਰਦੁਵਾਰੇਂ ਵਿਚ ਬਥੇਰੀਆਂ ਕਰ ਲਈਦੀਆਂ ਨੇ। ਮਲੂਕਿਆ ਤੂੰ ਸਾਨੂੰ ਅੰਗਰੇਜ਼ੀ ਅਖ਼ਬਾਰ ਵਿਚੋਂ ਕੋਈ ਖ਼ਬਰ ਪੜ੍ਹ ਕੇ ਸੁਣਾ।

*(ਮਲੂਕਾ ਅਖ਼ਬਾਰ ਪੜ੍ਹਨ ਦਾ ਮਾਈਮ ਕਰਦਾ ਹੈ, ਬਾਕੀ ਤਿੰਨੇ ਸੁਨਣ ਦੀ ਮੁਦਰਾ ਵਿਚ ਫਰੀਜ਼ ਹੁੰਦੇ ਹਨ।)*

ਧਾਮੀ : ਮਲੂਕੇ ਨੇ ਪਹਿਲਾਂ ਹੀ ਉਨ੍ਹਾਂ ਨੂੰ ਦਿਲਚਸਪ ਲੱਗਣ ਵਾਲੀਆਂ ਖ਼ਬਰਾਂ ਚੁਣ ਰੱਖੀਆਂ ਨੇ। ਉਹ ਉਨ੍ਹਾਂ ਦਾ ਖੁਲਾਸਾ ਸੁਣਾਉਣ ਲੱਗਾ।

ਕੈਨੇਡਾ ਦੀਆਂ ਅਖ਼ਬਾਰਾਂ ਵਿਚ ਹਿੰਦੁਸਤਾਨ ਦੀ ਸਿਆਸਤ ਬਾਰੇ ਜੋ ਵੀ ਖ਼ਬਰਾਂ ਆਉਂਦੀਆਂ, ਉਹ ਹਮੇਸ਼ਾਂ ਪੱਖਪਾਤੀ ਹੁੰਦੀਆਂ। ਉਹ ਇਸ ਤਰ੍ਹਾਂ ਦੀਆਂ ਹੁੰਦੀਆਂ, ਜਿਸ ਤਰ੍ਹਾਂ ਹਿੰਦੁਸਤਾਨ ਦੇ ਲੋਕ ਜਾਹਲ ਹਨ, ਉਹ ਆਪਸ ਵਿਚ ਲੜਦੇ ਰਹਿੰਦੇ ਨੇ। ਅੰਗਰੇਜ਼ਾਂ ਦਾ ਰਾਜ ਉਨ੍ਹਾਂ ਲਈ ਨਿਰਮਤ ਹੈ। ਇਹ ਗੱਲਾਂ ਕੈਨੇਡਾ ਵਸਦੇ ਹਿੰਦੀਆਂ ਨੂੰ ਦੁਖੀ ਕਰਦੀਆਂ।

ਮਲੂਕਾ : (ਮਾਈਮ ਤਨਹਦਹਦ) ਲੈ ਸੁਣ...ਇਕ ਅਮਰੀਕਨ ਔਰਤ ਕੈਨਲੀਨ ਮੇਨਾਰਡ ਨੇ ਹਿੰਦੂਆਂ ਦੇ ਖਿਲਾਫ਼ ਇਕ ਭਾਸ਼ਨ ਦਿੱਤਾ ਹੈ।

ਗੰਡਾ ਸਿੰਘ : ਕੀ ਭੌਂਕਦੀ ਏ ਉਹ ਕੁੱਤੀ ?

ਮਲੂਕਾ : ਉਹ ਕਹਿੰਦੀ ਏ ਕਿ ਹਿੰਦੂਆਂ ਦੇ ਸਮਾਜਕ ਰਿਵਾਜ਼ ਬੜੇ ਖ਼ੌਫ਼ਨਾਕ ਨੇ। ਇਹ ਛੋਟੀ ਉਮਰ ਦੀਆਂ ਔਰਤਾਂ ਨਾਲ ਵਿਆਹ ਕਰਦੇ ਨੇ। ਇਹ ਅੰਨ ਘੱਟ ਪੈਦਾ ਕਰਦੇ ਨੇ ਤੇ ਬੱਚੇ ਜ਼ਿਆਦਾ। ਛੋਟੀ ਉਮਰ ਵਿਚ ਕੀਤਾ ਜ਼ਿਆਦਾ ਭੋਗ ਇਨ੍ਹਾਂ ਨੂੰ ਉੱਨਤੀ ਸਾਲ ਤੋਂ ਬਾਅਦ ਨਾਮਰਦ ਬਣਾ ਦਿੰਦਾ ਹੈ।

*(ਖ਼ਬਰ ਦਾ ਪ੍ਰਤੀਕਰਮ)*

ਗੰਡਾ ਸਿੰਘ : ਕੱਚੇ ਫਲ ?

ਨੱਥਾ ਸਿੰਘ : 29 ਸਾਲ ਦੀ ਉਮਰ ਵਿਚ ਨਿਪੁੰਸਕ ? ਉਹ ਉਸ ਕੁਆਰੀ ਨੂੰ ਇਸ ਬਾਰੇ ਕਿਸ ਤਰ੍ਹਾਂ ਪਤਾ ਲੱਗਾ ਕਿ ਹਿੰਦੀ 29 ਸਾਲ ਦੀ ਉਮਰ ਵਿਚ ਨਾਮਰਦ ਹੋ ਜਾਂਦੇ ਨੇ।

ਗੰਗਾ ਸਿੰਘ : ਉਸਦਾ ਕਿਸੇ ਚੌਲ ਖਾਣੇ ਮਦਰਾਸੀ ਨਾਲ ਵਾਹ ਪਿਆ ਹੋਣਾ ਏ।

ਨੱਥਾ ਸਿੰਘ : ਮੈਂ ਤਾਂ 29 ਸਾਲਾਂ ਤੱਕ ਕਿਸੇ ਜ਼ਨਾਨੀ... ... ...

ਗੰਗਾ ਸਿੰਘ : ਹੁਣ ਤਾਂ ਤੂੰ ਪਹਿਲੀ ਉਮਰ ਦਾ ਕਾਫ਼ੀ ਖਪਾ ਪੂਰਾ ਕਰ ਲਿਆ ਏ। (ਮਲੂਕੇ ਨੂੰ) ਓਏ ਮਲੂਕਿਆ ਤੇਰੀ ਉਹ ਮਿਸ ਵੇਖਣ ਨੂੰ ਕਿਸ ਤਰ੍ਹਾਂ ਦੀ ਲੱਗਦੀ ਏ ? ਰੇਗਿਸਤਾਨ ਦੀ ਸੁੱਕੀ ਹੋਈ ਬੱਕਰੀ ਵਰਗੀ ਜਾਂ ਮੈਦਾਨਾਂ ਦੀ ਅੱਲੜ ਬਛੇਰੀ ਵਰਗੀ।

ਮਲੂਕਾ : ਫੋਟੋ ਨਹੀਂ ਦਿੱਤੀ।

ਗੰਗਾ ਸਿੰਘ : ਜੇ ਉਹਦਾ ਪਤਾ ਹੈ ਤਾਂ ਮਲੂਕਿਆ ਉਸ ਮਿਸ ਨੂੰ ਖੱਤ ਲਿਖ ਕੇ ਇਥੇ ਸੱਦ। ਸਾਡੇ ਵਿਚ ਬਹੁਤੇ ਸੱਠਾਂ ਦੇ ਗੇੜ ਆ, ਫੇਰ ਵੀ ਅਸੀਂ ਭਾਰਤ ਦੀ ਤਾਕਤ ਦਾ ਪ੍ਰਮਾਣ ਦੇਣਾ ਚਾਹੁੰਦੇ ਹਾਂ। ਸਾਡਾ ਤਾਰਾ ਸਿੰਘ ਭਾਵੇਂ ਸਾਰੀ ਉਮਰ ਛੜਾ ਰਿਹਾ ਪਰ ਮੌਕਾ ਮਿਲਣ 'ਤੇ ਪੰਜਾਬ ਦੇ ਕੜਾਹ ਖਾਣੇ ਭਾਈਆਂ ਵਾਕੁਣ ਟੱਬਰ ਬਣਾਉਣ ਵਿਚ ਕਿਸੇ ਕੋਲੋਂ ਪਿਛੇ ਨਹੀਂ ਰਹੇਗਾ। ਚੱਲ ਸਾਡੇ ਨੱਥਾ ਸਿੰਘ ਨਾਲ ਹੀ ਇਕ ਰਾਤ ਕੱਟ ਜਾਏ।

ਨੱਥਾ ਸਿੰਘ : ਓਏ ਕੰਜ਼ਰਾ ਛੋਟੇ ਵੱਡੇ ਦੀ ਸ਼ਰਮ ਕਰਿਆ ਕਰ।

*(ਘੰਟੀ ਵੱਜਣ ਦੀ ਅਵਾਜ਼)*

ਤਾਰਾ ਸਿੰਘ : ਲਓ ਸਿੰਘ ਦਾ ਲੰਗਰ ਤਿਆਰ ਏ।

*(ਸਾਰੇ ਬਾਹਾਂ ਟੰਗ ਕੇ ਵਾਰੋ-ਵਾਰੀ ਜਾਂਦੇ ਹਨ।)*

ਧਾਮੀ : ਮਲੂਕੇ ਦੀ ਜ਼ਿੰਦਗੀ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਉਹ ਔਰਤਾਂ ਤੋਂ ਬਿਨਾਂ ਇਕੱਲੇ ਆਦਮੀਆਂ ਦੀ ਇਸ ਛੋਟੀ ਜਿਹੀ ਦੁਨੀਆ ਵਿਚ ਰਹਿ ਰਿਹਾ ਸੀ। ਉਨ੍ਹਾਂ ਦੀ ਵਾਰਤਾਲਾਪ ਵਿਚ ਆਪਣਾ ਹੀ ਅੱਖੜਪੁਣਾ ਅਤੇ ਅਸ਼ਲੀਲਤਾ ਸੀ। ਪਿੰਡ ਵਿਚ ਇਹ ਜੱਟ ਲੋਕ ਜੱਟਕੇ ਮੁਹਾਵਰੇ ਵਿਚ ਲੱਛੇਦਾਰ ਗਾਲ੍ਹਾਂ ਅਤੇ ਲੁੱਚੇ ਵਿਸ਼ੇਸ਼ਣਾ ਭਰਪੂਰ ਬੋਲੀ ਵਿਚ ਗੱਲਬਾਤ ਕਰਦੇ ਸਨ। ਉਨ੍ਹਾਂ ਦੀ ਇਸ ਤਰ੍ਹਾਂ ਦੀ ਗੱਲਬਾਤ ਸੁਣ ਕੇ ਪੇਂਡੂ ਔਰਤਾਂ ਸ਼ਰਮਾਉਣ ਦੀ ਥਾਂ ਮੁਸਕਰਾਉਂਦੀਆਂ ਹੱਸ ਛੱਡਦੀਆਂ ਸਨ। ਪਰ ਉਥੇ ਮਾਂ ਜਾਂ ਭੈਣ ਦੀ ਹਾਜ਼ਰੀ ਵਿਚ ਜਿਹੜੀ ਥੋੜੀ ਬਹੁਤ ਸ਼ਰਮ ਤੇ ਬੰਦਸ਼ ਹੁੰਦੀ ਸੀ ਉਹ ਇਥੇ ਬ੍ਰਿਟਿਸ਼ ਕੰਲੋਬੀਆ ਵਿਚ ਆ ਕੇ ਬਿਲਕੁਲ ਅਲੋਪ ਹੋ ਗਈ ਸੀ। ਲੁੱਚੀਆਂ ਤੋਂ ਲੁੱਚੀਆਂ ਗੱਲਾਂ ਹਰ ਕੋਈ ਲਾਡ ਨਾਲ ਕਬੂਲਦਾ ਸੀ। ਕੰਮ ਤੋਂ ਛੁੱਟੀ ਹੋਣ ਵੇਲੇ ਡੱਕੀ ਹੋਈ ਅਸ਼ਲੀਲਤਾ ਸਾਰੀਆਂ ਹੱਦਾਂ ਬੰਨੇ ਤੋੜ ਦੇਂਦੀ ਸੀ। ਥੱਕੇ ਹੋਏ ਸਾਥੀ ਨੂੰ ਔਖਾ ਹੋ ਕੇ ਟੁਰਦਾ ਵੇਖ ਇਹ ਕਹਿੰਦਾ ਤੂੰ ਤਾਂ ਏਦਾਂ ਤੁਰਦਾ ਜਿਵੇਂ ਖੇਵੇ ਆਈ ਮੱਝ ਨਵੇਂ ਦੁੱਧ ਬਾਅਦ ਤੁਰਦੀ ਹੁੰਦੀ ਆ।

–ਓਏ ਤੈਥੋਂ ਹੋਏ ਬੋਕ ਆਂਗੂ ਮੁਸ਼ਕ ਆਉਂਦੀ ਏ, ਜਾਹ ਪਹਿਲੇ ਜਾ ਕੇ ਨਹਾ ਆ।

–ਮੰਨਿਆ ਅੱਜ ਗਰੀਨ ਚੇਨ 'ਤੇ ਫੱਟਿਆਂ ਦਾ ਬੜਾ ਜ਼ੋਰ ਰਿਹਾ। ਫੱਟੇ ਮੇਰੇ ਹੱਥਾਂ ਵਿਚਦੀ ਨੰਘੇ ਆ, ਪਰ ਜਿੱਦਾਂ ਤੂੰ ਤੁਰਦਾ ਉਹਨੂੰ ਵੇਖ ਕੇ ਕਿਸੇ ਨੇ ਸਮਝਣੈ, ਜਿਦਾਂ ਤੇਰੇ ਵਿਚੋਂ ਲੰਘੇ ਹੋਣ।

ਪ੍ਰੇਮ ਸਿੰਘ ਨਾਜ਼ੁਕ ਮਿਜਾਜ ਵਾਲਾ ਵਿਅਕਤੀ ਸੀ। ਕੁਝ ਪੈਸੇ ਬਚਾ ਕੇ ਉਹ ਦੇਸ਼ ਫੇਰਾ ਮਾਰ ਆਇਆ ਸੀ। ਉਥੇ ਉਹਨੇ ਇਕ ਪੰਜਾਬਣ ਮੁਟਿਆਰ ਨਾਲ ਵਿਆਹ ਕਰਾ ਲਿਆ ਸੀ। ਪਰ ਕੈਨੇਡਾ ਮੁੜ ਕੇ ਆਉਣ ਸਮੇਂ ਉਹ ਉਹਨੂੰ ਦੇਸ਼ ਛੱਡ ਆਇਆ ਸੀ। ਇਥੇ ਛੇੜ–ਛਾੜ ਦਾ ਮਨ ਭਾਉਂਦਾ ਨਿਸ਼ਾਨਾ ਸੀ। ਉਹ ਉਥੇ ਸਰਹਾਣਿਆਂ ਨੂੰ ਜੱਫੀਆਂ ਪਾ ਕੇ ਸੌਂਦੀ ਹੋਣੀ ਏ ਤੇ ਇਥੇ ਪ੍ਰੇਮ ਸਿੰਘ ਉਹਦੀ ਯਾਦ ਵਿਚ ਤੜਪਦਾ ਪਿਆ ਏ। ਨਾ ਉਹ ਸਰਹਾਣਿਆਂ ਨੂੰ ਕਿਉਂ ਜੱਫੀਆਂ ਪਾਉਂਦੀ ਹੋਣੀ ਏ, ਪੰਜਾਬ ਵਿਚ ਜਵਾਨਾਂ ਦੀ ਕੋਈ ਘਾਟ ਏ ? ਆਹੋ ਮੂਰਖ ਘਰ ਬਣਾਉਂਦੇ ਨੇ,ਸਿਆਣੇ ਵੁਨ੍ਹਾਂ ਵਿਚ ਕਹਿੰਦੇ ਨੇ।

ਧਾਮੀ : ਕੈਨੈਡਾ ਵਿਚ ਜ਼ਿੰਦਗੀ ਦਾ ਦੂਜਾ ਦੌਰ ਉਸ ਵੇਲੇ ਸ਼ੁਰੂ ਹੋਇਆ ਜਦੋਂ

ਮਲੂਕੇ ਨੇ ਕੰਮ ਦੇ ਨਾਲ-ਨਾਲ ਸਕੂਲਵਿਚ ਦਾਖ਼ਲਾ ਲੈ ਲਿਆ। ਉਹਦੇ ਸਾਥੀਆਂ ਨੂੰ ਇਹਦੀ ਬੜੀ ਖੁਸ਼ੀ ਹੋਈ। ਉਨ੍ਹਾਂ ਦਾ ਮਾਣ ਵਧਿਆ। ਆਪਣੇ ਹਮਜਮਾਤਨਾਂ ਨਾਲ ਵਿਚਰਦੇ ਮਲੂਕੇ ਨੂੰ ਨਵੇਂ-ਨਵੇਂ ਤਜ਼ਰਬੇ ਹੋਏ। ਕੈਨੇਡਾ ਦੀ ਜ਼ਿੰਦਗੀ ਵਿਚ ਜਿਥੇ ਵਿਸ਼ਾਲਤਾ ਸੀ ਉਥੇ ਕੱਟੜਵਾਦ ਵੀ ਸੀ। ਨਸਲਵਾਦ ਵੀ ਸੀ। ਉਹਦੇ ਟੀਚਰ ਪਹਿਲੇ ਤਾਂ ਉਹਦੇ ਨਾਲ ਓਪਰਿਆਂ ਵਾਲਾ ਸਲੂਕ ਹੀ ਕਰਦੇ ਸਨ ਪਰ ਫੇਰ ਉਹਦੀ ਲਿਆਕਤ ਤੋਂ ਪ੍ਰਭਾਵਿਤ ਹੋਏ। ਉਹ ਪੜ੍ਹਾਈ ਵਿਚ ਵੀ ਚੰਗਾ ਸੀ। ਖੇਡਾਂ ਵਿਚ ਵੀ ਚੰਗਾ ਸੀ। ਹਾਈ ਸਕੂਲ ਦੇ ਵਿਦਿਆਰਥੀਆਂ ਵਿਚ ਮੁੰਡੇ ਕੁੜੀਆਂ ਵਿਚ ਆਪਸੀ ਦੋਸਤੀ ਸੀ। ਇਕ ਦੂਜੇ ਨਾਲ ਉਹ ਚੁੰਮਣ ਵੀ ਸਾਂਝਾ ਕਰਦੇ। ਇਥੇ ਹਮਜਮਾਤਕ ਡੌਰਿਸ ਨਾਲ ਮਲੂਕੇ ਦਾ ਖਾਸ ਮੋਹ ਸੀ। ਉਹ ਵੀ ਉਹਦੇ ਵਿਚ ਦਿਲਚਸਪੀ ਰੱਖਦੀ ਸੀ। ਛੁੱਟੀ ਵਾਲੇ ਦਿਨ ਉਹ ਲੌਂਗ ਹਾਊਸ ਵਿਚ ਵੀ ਆਂ ਜਾਂਦੀ ਸੀ। ਦਰਿਆ ਕੰਢੇ ਉਹਨੂੰ ਆਉਣਾ ਚੰਗਾ ਲਗਦਾ।

*(ਮਲੂਕਾ ਤੇ ਡੋਰਿਸ ਗੱਲਾਂ ਕਰਦੇ ਆਉਂਦੇ ਹਨ। ਵਿੰਗ ਵਿਚ ਨੱਥਾ, ਗੰਡਾ ਸਿੰਘ ਅਤੇ ਤਾਰਾ ਸਿੰਘ ਉਨ੍ਹਾਂ ਨੂੰ ਚੋਰੀ-ਚੋਰੀ ਵੇਖਦੇ ਹਨ।)*

ਡੋਰਿਸ : ਮਲੂਕਿਆ ਤੂੰ ਆਪਣੇ ਪਰਿਵਾਰ ਅਤੇ ਘਰ ਬਿਨਾਂ ਜ਼ਰੂਰ ਹਿਰਸ ਜਾਂਦਾ ਹੋਵੇਂਗਾ।

ਮਲੂਕਾ : ਹਾਂ ਉਨ੍ਹਾਂ ਦੀ ਯਾਦ ਮੈਨੂੰ ਬਹੁਤ ਸਤਾਉਂਦੀ ਏ ਪਰ ਮਿੱਲ 'ਚ ਰਹਿੰਦੇ ਲੋਕ ਬਹੁਤ ਚੰਗੇ ਨੇ।

ਡੋਰਿਸ : ਤੇਰੀ ਕੋਈ ਭੈਣ ਵੀ ਹੈ ?

ਮਲੂਕਾ : ਹਾਂ ਮੈਥੋਂ ਛੋਟੀ ਹੈ।

ਡੋਰਿਸ : ਕੀ ਨਾਂ ਏ ਉਸਦਾ ?

ਮਲੂਕਾ : ਗੁਰਬਚਨੀ।

ਡੋਰਿਸ : ਇਹ ਦਾ ਕੀ ਅਰਥ ਏ ?

ਮਲੂਕਾ : ਇਹਦਾ ਅਰਥ ਏ ਰੱਬੀ ਬਾਣੀ।

ਡੋਰਿਸ : ਕਿੰਨਾ ਸੋਹਣਾ ਨਾਂ ਏ, ਕਾਸ਼ ਮੇਰਾ ਨਾ ਵੀ ਕਾਵਿਕ ਹੁੰਦਾ।

ਮਲੂਕਾ : ਡੋਰਿਸ ਵੀ ਖੂਬਸੂਰਤ ਨਾਂ ਏ। ਸੁਣਨ ਨੂੰ ਸੁਨਹਿਰੀ ਲੱਗਦਾ ਏ।

ਡੋਰਿਸ : ਕੀ ਸਾਰੇ ਹੀ ਇੰਡੀਅਨ ਨਾਵਾਂ ਦਾ ਕੋਈ ਨਾ ਕੋਈ ਅਰਥ ਹੁੰਦੈ।

ਮਲੂਕਾ : ਹਾਂ ਬਹੁਤਿਆਂ ਦਾ।

ਡੋਰਿਸ : ਮਲੂਕੇ ਦਾ ਕੀ ਅਰਥ ਏ ?

ਮਲੂਕਾ : ਇਹਦਾ ਅਰਥ ਏ, ਨਰਮ ਮੁਲਾਇਮ।

ਡੋਰਿਸ : ਲਿਆ ਤਾਂ ਵੇਖਾਂ ਕੀ ਇਹ ਸੱਚ ਏ ?

*(ਉਹਦਾ ਹੱਥ ਫੜ ਕੇ ਆਪਣੇ ਹੱਥਾਂ ਵਿਚ ਦਬਾ ਲੈਂਦਾ ਹੈ।)*

ਡੋਰਿਸ : ਤੇਰੀ ਮਾਂ ਨੂੰ ਤੈਨੂੰ ਨਿੱਘਾ ਕਹਿਣਾ ਚਾਹੀਦਾ ਏ। ਤੇਰੇ ਹੱਥਾਂ ਵਿਚ ਏਨਾਂ ਨਿੱਘ ਏ।

ਮਲੂਕਾ : ਮੈਂ ਮਾਂ ਨੂੰ ਤੇਰੀ ਗੱਲ ਜ਼ਰੂਰ ਪੁਚਾਵਾਂਗਾ।

ਡੋਰਿਸ : ਕੀ ?

ਮਲੂਕਾ : ਕਿ ਡੋਰਿਸ ਕਹਿੰਦੀ ਸੀ ਕਿ ਮੇਰਾ ਨਾਂ ਮਲੂਕਾ ਨਹੀਂ ਨਿੱਘਾ ਸਿੰਘ ਹੋਣਾ ਚਾਹੀਦਾ ਏ।

ਡੋਰਿਸ : ਹਾਂ ਜ਼ਰੂਰ ਦੇਵੀਂ ਤਾਂ ਜੋ ਉਹਨੂੰ ਤੱਸਲੀ ਹੋਵੇ ਕਿ ਸੱਤ ਸਮੁੰਦਰ ਪਾਰ ਵੀ ਇਕ ਕੁੜੀ ਸੀ ਜਿਹੜੀ ਉਹਦੇ ਪੁੱਤਰ ਵਿਚ ਦਿਲਚਸਪੀ ਰੱਖਦੀ ਸੀ। ਹੁਣ ਮੈਂ ਚਲਦੀ ਹਾਂ, ਦੇਰ ਹੋ ਰਹੀ ਏ।

ਮਲੂਕ : ਠਹਿਰ ਮੈਂ ਤੇਰੇ ਲਈ ਇਕ ਗਿਫਟ ਰੱਖਿਆ ਹੈ।

ਡੋਰਿਸ : ਕੀ ?

ਮਲੂਕ : ਦੱਸਦਾ ਹਾਂ।

*(ਵਿੰਗ ਤੋਂ ਬਾਹਰ ਜਾਂਦਾ ਹੈ। ਡੋਰਿਸ ਇਕੱਲੀ ਹੈ। ਤਿੰਨੇ ਦੂਜੇ ਪਾਸੇ ਤੋਂ ਚੋਰੀ-ਚੋਰੀ ਦੇਖਦੇ ਹਨ, ਜਿਸ ਤਰ੍ਹਾਂ ਉਹ ਵੀ ਇਨ੍ਹਾਂ ਦੀਆਂ ਗੱਲਾਂ ਵਿਚ ਬੜੀ ਦਿਲਚਸਪੀ ਰੱਖਦੇ ਹਨ। ਉਨ੍ਹਾਂ ਦੇ ਆਪਸੀ ਇਸ਼ਾਰੇ ਦਰਸ਼ਕਾਂ ਲਈ ਕਾਫ਼ੀ ਦਿਲਚਸਪੀ ਪੈਦਾ ਕਰਦੇ ਹਨ। ਮਲੂਕ ਚਾਕਲੇਟ ਦਾ ਡੱਬਾ ਲੈ ਕੇ ਆਉਂਦਾ ਹੈ।)*

ਮਲੂਕਾ : ਇਹ ਮੇਰੇ ਵੱਲੋਂ ਭੇਂਟ। ਤੂੰ ਮੈਨੂੰ ਫਰੈਂਚ ਦੇ ਲੈਸਨ ਸਮਝਣ ਵਿਚ ਏਨੀ ਮਦਦ ਕੀਤੀ।

ਡੋਰਿਸ : ਅੱਛਾ ਮੈਂ ਤੇਰੀ ਇਸ ਪਿਆਰ ਦੀ ਨਿਸ਼ਾਨੀ ਤੋਂ ਇਨਕਾਰ ਨਹੀਂ ਕਰ ਸਕਦੀ।

*(ਬਾਏ ਬਾਏ ਕਰਦੀ ਬਾਹਰ ਜਾਂਦੀ ਹੈ। ਮਲੂਕ ਉਹਨੂੰ ਬਾਹਰ ਤੱਕ ਛੱਡਣ ਜਾਂਦਾ ਹੈ, ਵਾਪਸ ਆਉਂਦਾ ਹੈ ਤਾਂ ਤਿੰਨੇ ਉਹਨੂੰ ਘੇਰ ਲੈਂਦੇ ਹਨ।)*

ਗੰਡਾ ਸਿੰਘ : ਮਲੂਕਿਆ, ਕੀ ਤੇਰੇ ਨਾਲ ਸਕੂਲ ਵਿਚ ਏਨੀਆਂ ਸੋਹਣੀਆਂ-ਸੋਹਣੀਆਂ ਕੁੜੀਆਂ ਪੜ੍ਹਦੀਆਂ ਨੇ ?

ਮਲੂਕਾ : ਹਾਂ ਚਾਚਾ।

ਤਾਰਾ : ਗੰਡਾ ਸਿਆਂ ਆਪਣਾ ਹੱਥ ਵਿਖਾ।

ਗੰਡਾ ਸਿੰਘ : ਕਿਉਂ ?

ਤਾਰਾ ਸਿੰਘ : ਦੇਖਾ ਤੇਰੀ ਮਾਂ ਨੇ ਤੇਰਾ ਨਾਂ ਗੰਡਾ ਸਿੰਘ ਕਿਉਂ ਰੱਖਿਆ ?

ਗੰਡਾ ਸਿੰਘ : ਤੇਰਾ ਆਪਣੇ ਨਾਂਅ ਬਾਰੇ ਕੀ ਵਿਚਾਰ ਏ ?

*(ਸਾਰੇ ਹੱਸਦੇ ਹਨ ।)*

ਮਲੂਕਿਆ ਇਸ ਕੁੜੀ ਦਾ ਏਥੇ ਆਉਣਾ ਸਾਨੂੰ ਚੰਗਾ ਲੱਗਿਆ। ਇਕ ਦਿਨ ਇਹਨੂੰ ਵੀ ਅਤੇ ਹੋਰ ਆਪਣੇ ਦੋਸਤਾਂ ਨੂੰ ਇਥੇ ਖਾਣੇ ਤੇ ਬੁਲਾ।

ਮਲੂਕਾ : ਬੁਲਾਵਾਂਗਾ, ਉਨ੍ਹਾਂ ਨੂੰ ਤੁਹਾਨੂੰ ਮਿਲ ਕੇ ਖੁਸ਼ੀ ਹੋਵੇਗੀ ਮੈਂ ਉਨ੍ਹਾਂ ਨੂੰ ਤੁਹਾਡੀਆਂ ਗੱਲਾਂ ਦੱਸਦਾ ਹਾਂ।

ਨੱਥਾ ਸਿੰਘ : ਮਲੂਕਿਆ ਤੂੰ ਸਾਡੇ ਵਿਚ ਰਿਹਾ ਏਂ, ਤੂੰ ਸਾਨੂੰ ਜਾਣਦਾ ਏ, ਅਸੀਂ ਪੜ੍ਹ ਨਹੀਂ ਸਕੇ ਪਰ ਤੂੰ ਪੜ੍ਹੀਂ, ਖੂਬ ਪੜ੍ਹੀਂ, ਵੱਡੀਆਂ ਪੜ੍ਹਾਈਆਂ।

ਗੰਡਾ ਸਿੰਘ : ਸਾਡੇ ਵਾਂਗ ਮਿਲਾਂ ਵਿਚ ਹੀ ਨਾ ਵੱਸਿਆ ਰਹੀ ਇਥੇ ਜਿਨਾਂ ਬੂਰਾ ਤੁਹਾਡੀਆਂ ਪੱਗਾਂ ਤੋਂ ਉਡਦਾ ਏ, ਉਹ ਬਹੁਤ ਛੇਤੀ ਤੁਹਾਡੇ ਦਿਮਾਗ ਵਿਚ ਵੀ ਭਰ ਜਾਂਦਾ ਏ।

ਤਾਰਾ ਸਿੰਘ : ਤੇ ਪੜ੍ਹ ਕੇ ਲੇਖਕ ਬਣੀ ਤੇ ਫੇਰ ਸਾਡੀ ਕਹਾਣੀ ਲਿਖੀਂ।

ਨੱਥਾ ਸਿੰਘ : ਜਿਸ ਤਰ੍ਹਾਂ ਦਾ ਤੂੰ ਏਥੇ ਆਪਣੀ ਅੱਖੀਂ ਵੇਖਿਆ ਹੈ, ਬਿਲਕੁਲ ਉਸ ਤਰ੍ਹਾਂ ਦਾ ਲਿਖੀਂ, ਸਾਡੀ ਕਹਾਣੀ ਇਸ ਤਰ੍ਹਾਂ ਕਹੀਂ, ਜਿਸ ਤਰ੍ਹਾਂ ਤੂੰ ਸਾਨੂੰ ਗੱਲਾਂ ਕਰਦੇ ਸੁਣਿਆ ਹੈ।

ਗੰਡਾ ਸਿੰਘ : ਲਿਖੀਂ ਅਸੀਂ ਕੋਈ ਅਜਿਹਾ ਨਹੀਂ ਸੀ ਜਿਸ ਦਾ ਅਸੀਂ ਮੋੜਵਾਂ ਜਵਾਬ ਨਾ ਦਿੱਤਾ ਹੋਵੇ, ਭਾਵੇਂ ਉਸ ਲਈ ਸਾਨੂੰ ਕਿੰਨੀ ਵੀ ਕੀਮਤ ਕਿਉਂ ਨਾ ਚੁਕਾਉਣੀ ਪਈ ਹੋਵੇ।

ਨੱਥਾ ਸਿੰਘ : ਲਿਖੀਂ ਕਿ ਅਸੀਂ ਹਿੰਦੋਸਤਾਨ ਦੀ ਅਜ਼ਾਦੀ ਲਈ ਗੱਲਾਂ ਬਾਤਾਂ ਨਾਲ ਨਹੀਂ ਸਗੋਂ ਹੱਥਾਂ ਵਿਚ ਹਥਿਆਰ ਫੜ੍ਹ ਕੇ ਖੜ੍ਹੇ ਹੋਏ।

ਗੰਡਾ ਸਿੰਘ : ਅਸੀਂ ਉਸ ਸਮੇਂ ਆਜ਼ਾਦੀ ਲਈ ਲੜੇ ਜਦੋਂ ਸਾਰਾ ਹਿੰਦੁਸਤਾਨ ਗੁਲਾਮੀ ਦੀ ਜ਼ੰਜ਼ੀਰਾਂ ਨੂੰ ਛਾਤੀ ਨਾਲ ਲਾਈ ਬੈਠਾ ਸੀ ਅਤੇ ਉਹਦੇ ਨੇਤਾ ਛੋਟੇ-ਛੋਟੇ ਸੁਧਾਰਾਂ ਲਈ ਭੀਖ ਮੰਗਦੇ ਸਨ।

ਨੱਥਾ ਸਿੰਘ : ਅਸੀਂ ਹਿੰਦੁਸਤਾਨ ਦੀ ਜਾਗ੍ਰਿਤੀ ਲਈ ਯਕੀਨ ਨਾਲ ਅਤੇ ਬੇਖ਼ੌਫ ਹੋ ਕੇ ਕੰਮ ਕੀਤਾ, ਹਨ੍ਹੇਰੇ ਵਿਚ ਵੀ ਸਾਨੂੰ ਰੋਸ਼ਨੀ 'ਤੇ ਯਕੀਨ ਸੀ।

ਤਾਰਾ ਸਿੰਘ : ਮਲੂਕਿਆ ਇਹ ਸਭ ਲਿਖੀਂ ਅਤੇ ਆਪਣੇ ਖ਼ੂਨ ਨਾਲ ਲਿਖੀਂ।

ਨੱਥਾ ਸਿੰਘ : ਅਸੀਂ ਤਾਂ ਉਦੋਂ ਮਰ ਮਿੱਟ ਗਏ ਹੋਵਾਂਗੇ ਪਰ ਸਾਡੇ ਬੱਚੇ ਇਹ ਕਹਾਣੀ ਮਾਣ ਨਾਲ ਪੜ੍ਹਨਗੇ। ਸਾਰਾ ਭਾਰਤ ਵਰਸ਼ ਇਹਨੂੰ ਪੜ੍ਹੇਗਾ ਤੇ ਯਾਦ ਕਰੇਗਾ।

*(ਇਕ ਵਿਸ਼ੇਸ਼ ਮੁੱਦਰਾ ਵਿਚ ਉਹ ਫਰੀਜ਼ ਹੁੰਦੇ ਹਨ ।)*

ਧਾਮੀ : ਇਹ ਸਨ ਉਨ੍ਹਾਂ ਲੋਕਾਂ ਦੇ ਦਿਲਾਂ ਦੇ ਵਲਵਲੇ, ਮਲੂਕਾ ਇਨ੍ਹਾਂ ਨੂੰ ਸਮਝਦਾ ਸੀ। ਮਲੂਕਾ ਖੁਦ ਇਕ ਪਿੰਡੋਂ ਆਇਆ ਹੋਣ ਕਰਕੇ ਇਨ੍ਹਾਂ ਦੇ ਨੇੜੇ ਸੀ। ਇਹ ਲੋਕ ਆਪਣੇ ਘਰ ਬਾਰ ਛੱਡ ਚੰਗੀ ਜ਼ਿੰਦਗੀ ਦੀ ਭਾਲ ਵਿਚ ਏਡੀ ਦੂਰ ਆਏ ਸਨ। ਏਥੇ ਉਨ੍ਹਾਂ ਦੀ ਸਭ ਤੋਂ ਵੱਡੀ ਮੁਸ਼ਕਲ ਨਸਲੀ ਵਿਤਕਰਾ ਸੀ, ਜਿਸ ਨੂੰ ਸਹਿਣਾ ਇਨ੍ਹਾਂ ਅਣਖੀਂ ਲੋਕਾਂ ਲਈ ਬਹੁਤ ਔਖਾ ਸੀ। ਉਨ੍ਹਾਂ ਦੀਆਂ ਆਪਣੀਆਂ ਗੱਲਾਂ ਸਨ, ਆਪਣੀਆਂ ਯਾਦਾਂ ਸਨ। ਕਾਮਾਗਾਟਾ ਮਾਰੂ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਦੀ ਗੱਲਬਾਤ ਵਿਚ ਦੱਬੇ ਹੋਏ ਗੁੱਸੇ ਅਤੇ ਹਾਰ ਦੀ ਭਾਵਨਾ ਸਾਫ਼ ਦਿਸਦੀ ਕਿਉਂਕਿ ਉਨ੍ਹਾਂ ਵਿਚੋਂ ਬਹੁਤਿਆਂ ਨੇ 376 ਪੰਜਾਬੀ ਸਿੱਖ ਮੁਸਾਫ਼ਰਾਂ ਨਾਲ ਭਰੇ ਇਸ ਜਾਪਾਨੀ ਜਹਾਜ਼ ਨੂੰ ਦੋ ਮਹੀਨੇ ਤੱਕ ਬੁਰਾਰਡ ਇਨ ਲਿਟ ਵਿਚ ਖੜੇ ਵੇਖਿਆ ਸੀ। ਦੋ ਮਹੀਨਿਆਂ ਬਾਅਦ ਇਸ ਜਹਾਜ਼ ਨੂੰ ਆਪਣੇ ਅਣਚਾਹੇ ਮੁਸਾਫ਼ਰਾਂ ਸਮੇਤ ਇੰਡੀਆ ਨੂੰ ਮੁੜਣਾ ਪਿਆ ਸੀ।

ਨੱਥਾ ਸਿੰਘ : (ਮਾਈਮ ਨੂੰ ਤੋੜਦੇ ਹੋਏ) ਮਲੂਕਿਆ ਲਿਖੀਂ ਜੋ ਕੁਝ ਸਾਡੇ ਵੱਸ ਸੀ ਅਸੀਂ ਕੀਤਾ। ਅਸੀਂ ਰੋਸ ਵਿਚ ਮੀਟਿੰਗਾਂ ਕੀਤੀਆਂ, ਪੈਸੇ ਇਕੱਠੇ ਕੀਤੇ, ਅਦਾਲਤਾਂ ਵਿਚ ਲੜੇ। ਕੈਨੇਡਾ ਦੇ ਲੋਕਾਂ ਅਤੇ ਸਰਕਾਰ ਅੱਗੇ ਅਪੀਲਾਂ ਕੀਤੀਆਂ। ਇਥੋਂ ਤੱਕ ਹਿੰਦੁਸਤਾਨ ਬੈਠੇ ਵਾਇਸ ਰਾਏ, ਇੰਗਲੈਂਡ ਦੀ ਮਲਿਕਾ ਮੂਹਰੇ ਬੇਨਤੀ ਕੀਤੀ।

ਤਾਰਾ ਸਿੰਘ : ਪਰ ਸਭ ਕੁਝ ਵਿਅਰਥ ਗਿਆ। ਕਿਸੇ ਦਾ ਕੋਈ ਫਾਇਦਾ ਨਾ ਹੋਇਆ।

ਗੰਡਾ ਸਿੰਘ : ਯੂਰਪ ਵਿਚੋਂ ਹਰ ਤਰ੍ਹਾਂ ਦੇ ਇਮੀਗਰੈਂਟਾ ਨੂੰ ਕੈਨੇਡਾ ਆਉਣ ਦੀ ਇਜਾਜ਼ਤ ਸੀ ਪਰ ਰਾਜੇ ਦੀ ਆਪਣੀ ਪਰਜਾ ਵਿਚੋਂ ਸ਼ਾਨਦਾਰ ਸੁਨੱਖੇ ਅਤੇ ਬਹਾਦਰ ਲੋਕਾਂ ਨੂੰ ਇਸ ਧਰਤੀ 'ਤੇ ਪੈਰ ਰੱਖਣ ਦੀ ਵੀ ਇਜਾਜ਼ਤ ਨਹੀਂ ਸੀ।

ਨੱਥਾ ਸਿੰਘ : ਤੇ ਮਲੂਕਿਆ ਜਦੋਂ 23 ਜੁਲਾਈ 1914, ਪੂਰੇ ਦੋ ਮਹੀਨੇ ਸਮੁੰਦਰਾਂ ਵਿਚ ਖੜ੍ਹਾ ਰਹਿ ਕੇ ਕਾਮਾਗਾਟਾ ਮਾਰੂ ਵਾਪਸ ਜਾਣ ਲਈ ਮੁੜਿਆ, ਬਸ ਉਹਦੇ ਨਾਲ ਹੀ ਅੰਗਰੇਜ਼ ਪ੍ਰਤੀ ਸਾਡੀ ਵਫ਼ਾਦਾਰੀ ਵੀ ਡੂੰਘੇ ਸਮੁੰਦਰ ਵਿਚ ਰੁੜ ਗਈ।

ਤਾਰਾ ਸਿੰਘ : ਉਹ ਤਾਂ ਸਾਡੇ ਵਿਚੋਂ ਉਨ੍ਹਾਂ ਲੋਕਾਂ ਨੂੰ ਵੀ ਜੋ ਕਈ ਸਾਲਾਂ ਤੋਂ ਬੀ. ਸੀ. ਵਿਚ ਰਹਿ ਰਹੇ ਸੀ, ਕੱਢਣਾ ਚਾਹੁੰਦੇ ਸਨ।

ਮਲੂਕਾ : ਉਹ ਕਿਸ ਤਰ੍ਹਾਂ ?

ਨੱਥਾ ਸਿੰਘ : 1908 ਵਿਚ ਉਨ੍ਹਾਂ ਸਾਨੂੰ ਮੱਛਰ ਅਤੇ ਮਲੇਰੀਏ ਬਹਾਨੇ ਇਲਾਕੇ

ਬ੍ਰਿਟਿਸ਼ ਅਤੇ ਰੂਸ ਵਿਚ ਘੱਲਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਸਿੱਖਾਂ ਦੇ ਉਸ ਡੈਪੂਟੇਸ਼ਨ ਨੂੰ ਜੋ ਪਹਿਲਾਂ ਸਾਂਡਰੂਸ ਵਿਚ ਹਾਲਤ ਵੇਖਣ ਗਿਆ ਸੀ, ਰਿਸ਼ਵਤ ਦੇ ਕੇ ਮਨਾਉਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੇ ਡੈਪੂਟੇਸ਼ਨ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਸਗੋਂ ਉਨ੍ਹਾਂ ਨੇ ਇਥੇ ਆ ਕੇ ਰੀਪੋਰਟ ਦਿੱਤੀ ਕਿ ਸਾਂਡਰੂਸ ਰਹਿਣ ਵਾਲਾ ਇਲਾਕਾ ਨਹੀਂ। ਸਾਨੂੰ ਉਥੇ ਜਾਣ ਲਈ ਮੰਨਣਾ ਨਹੀਂ ਚਾਹੀਦਾ ਤੇ ਮਲੂਕਿਆ ਕਾਮਾਗਾਟਾਮਾਰੂ ਦੀ ਕਹਾਣੀ ਇਥੇ ਖਤਮ ਨਹੀਂ ਹੋਈ। ਇਸ ਨੇ ਗ਼ਦਰ ਲਹਿਰ ਨੂੰ ਫੈਲਾਇਆ ਤੇ ਗ਼ਦਰ ਲਹਿਰ ਹਿੰਦੁਸਤਾਨ ਦੀ ਆਜ਼ਾਦੀ ਦਾ ਸੁਨਹਿਰੀ ਮੰਚ ਹੈ।

ਗੰਡਾ ਸਿੰਘ : ਉਹਦੇ ਬਾਰੇ ਬਹੁਤ ਕੁਝ ਲਿਖਿਆ ਸੀ ਪਰ ਸਾਡੇ ਬਾਰੇ ਤੂੰ ਲਿਖੀਂ। ਉਂਝ ਤੇਰੇ ਸਕੂਲ ਦੇ ਹੋਰ ਗੋਰੇ ਦੋਸਤ ਵੀ ਹਿੰਦੁਸਤਾਨ ਦੀ ਆਜ਼ਾਦੀ ਬਾਰੇ ਕੀ ਵਿਚਾਰ ਰੱਖਦੇ ਹਨ।

ਮਲੂਕਾ : ਬਹੁਤ ਚੰਗੇ ਵਿਚਾਰ ਰੱਖਦੇ ਨੇ। ਸਾਨੂੰ ਪੜ੍ਹਾਇਆ ਵੀ ਜਾਂਦਾ ਹੈ ਕਿ ਹਰ ਇਕ ਮਨੁੱਖ ਦਾ ਹੱਕ ਹੈ ਕਿ ਉਹ ਆਪਣੇ ਦੇਸ਼ ਵਿਚ ਆਪਣੀ ਮਰਜ਼ੀ ਨਾਲ ਆਜ਼ਾਦੀ ਨਾਲ ਜੀਵੇ।

ਗੰਡਾ ਸਿੰਘ : ਤੇ ਆਜ਼ਾਦੀ ਨਾਲ ਇਕ ਦੂਜੇ ਦੇ ਹੱਥ ਵਿਚ ਹੱਥ ਦਬਾਉਂਦੇ, ਬੁੱਲੀਆਂ ਨਾਲ ਬੁੱਲੀਆਂ ਛੁਹਾਉਂਦੇ।

ਮਲੂਕਾ : ਚਾਚਾ...

ਗੰਡਾ ਸਿੰਘ : ਓਹਲੇ ਹੋਏ ਨੂੰ ਮੈਂ ਤੁਹਾਨੂੰ ਸਭ ਕੁਝ ਕਰਦਿਆਂ ਵੇਖਿਆ ਹੈ। ਕੋਈ ਗੱਲ ਨਹੀਂ ਇਹ ਸਭੋ ਚੱਲਦਾ ਹੈ। ਹਾਂ ਤੇ ਆਜ਼ਾਦੀ ਦੀ ਗੱਲ ਹੋ ਰਹੀ ਹੈ ਤਾਂ ਇਹ ਇਕ ਇਤਿਹਾਸਕ ਸੱਚ ਹੈ ਕਿ ਇਹ ਇਕ ਗੋਰਾ ਸ਼ੋਸਲਿਸਟ ਨੇ ਉੱਚੀ ਆਵਾਜ਼ ਵਿਚ ਸਾਨੂੰ ਹਿੰਦੁਸਤਾਨੀਆਂ ਨੂੰ ਕਿਹਾ ਸੀ। ਉੱਠੋ ਆਪਣੇ ਆਪ ਨੂੰ ਹਥਿਆਰਾਂ ਨਾਲ ਲੈਸ ਕਰੋ ਅਤੇ ਆਪਣੇ ਦੇਸ਼ ਦੀ ਆਜ਼ਾਦੀ ਲਈ...ਵਤਨ ਨੂੰ ਵਾਪਸ ਮੁੜਨ ਲਈ ਪ੍ਰੇਰੋ ਅਤੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢ ਦੇਵੋ।

ਨੱਥਾ ਸਿੰਘ : ਤੇ ਗ਼ਦਰ ਸ਼ਹਿਰ ਬਾਰੇ ਲਾਲਾ ਹਰਦਿਆਲ ਦੀਆਂ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਲਿਖਤਾਂ ਨੂੰ ਕੌਣ ਭੁੱਲ ਸਕਦਾ ਹੈ ?

ਗੰਡਾ ਸਿੰਘ : (ਜੋਸ਼ ਵਿਚ) ਉਨ੍ਹਾਂ ਕਿਹਾ ਪਟੀਸ਼ਨਾਂ ਲੈ ਕੇ ਭੱਜੇ ਫਿਰਦੇ ਚਪੜਾਸੀਆਂ ਵਾਕੁਣ ਅਤੇ ਲੰਡਨ ਦੀ ਧੁੰਦ ਵਿਚ ਅੰਨ੍ਹੀਆਂ ਚਾਮਚੜਿਕਾਂ ਵਾਂਗ ਠੋਕਰਾਂ ਖਾਂਦੇ ਅਤੇ ਆਜ਼ਾਦੀ ਦੀਆਂ ਭਿੱਖਿਆ ਮੰਗਦੇ ਫਿਰਦੇ ਲੀਡਰਾਂ ਤੋਂ ਖਹਿੜਾ ਛੁਡਾਓ। ਕਿਉਂ ਤਾਰਾ ਸਿੰਘ ਇਸ ਵਿਚ ਕੁਝ ਝੂਠ ਏ।

ਤਾਰਾ ਸਿੰਘ : ਹਾਂ ਇਹ ਲਾਲਾ ਹਰਦਿਆਲ ਦੀਆਂ ਲਿਖਤਾਂ ਸਨ ਕਿ ਠਾਠ ਬਾਠ

ਅਤੇ ਸ਼ਾਨੋਸ਼ੌਕਤ ਨਾਲ ਰਹਿ ਰਹੇ ਰਾਜਿਆਂ ਮਹਾਰਾਜਿਆਂ ਉੱਤੇ ਲਾਹਨਤ ਪਾਓ ਜੋ ਅੰਗਰੇਜ਼ ਮਲਿਕਾ ਅੱਗੇ ਇਸ ਤਰ੍ਹਾਂ ਨੱਚਦੇ ਹਨ ਜਿਵੇਂ ਮੰਦਿਰ ਵਿਚ ਕੋਈ ਲਚਰ ਦੇਵ ਦਾਸੀ। ਸਿਰਫ਼ ਘੱਟਣਾ ਭਰੇ ਤੇ ਵੱਡੇ ਜਿਗਰੇ ਵਾਲੇ ਮਜ਼ਦੂਰ ਲੋਕ ਤੇ ਧਰਤੀ ਮਾਂ ਦੇ ਪੁੱਤਰ, ਕਿਸਾਨ ਹੀ ਭਾਰਤ ਮਾਂ ਦੀਆਂ ਬੱਝੀਆਂ ਜ਼ੰਜ਼ੀਰਾਂ ਤੋੜ ਸਕਦੇ ਹਨ।

ਗੰਡਾ ਸਿੰਘ : ਦੇਖ ਲੈ ਮਲੂਕਿਆ, ਅੱਜ ਤਾਂ ਸਾਡੇ ਤਾਰਾ ਸਿੰਘ ਨੇ ਕਮਿਊਨਿਸ਼ਟਾਂ ਵਾਂਗ ਮਜ਼ਦੂਰਾਂ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਨੇ।

ਤਾਰਾ ਸਿੰਘ : ਗੰਡਾ ਸਿੰਘ, ਬਾਬੇ ਨਾਨਕ ਦਾ ਮਾਰਗ ਹੀ ਮੇਹਨਤ ਕਰਨ ਵਾਲੇ ਮਜ਼ਦੂਰਾਂ ਦਾ ਹੈ ਤੇ ਗੁਰੂ ਗੋਬਿੰਦ ਦਾ ਪੱਥ ਤਲਵਾਰ ਚੁੱਕ ਕੇ ਹੱਕ ਲਈ ਲੜਨ ਵਾਲਿਆਂ ਦਾ ਪਰ ਤੂੰ ਨਹੀਂ ਸਮਝੇਂਗਾ ਕਿਉਂਕਿ ਤੇਰੇ ਸਿਰ ਉੱਤੇ ਗੁਰੂ ਦੇ ਦਿੱਤੇ ਕੇਸ ਨਹੀਂ।

ਨੱਥਾ ਸਿੰਘ : ਫੇਰ ਨਾ ਹੁਣ ਪੁਰਾਣਾ ਰੱਫੜ ਸ਼ੁਰੂ ਕਰ ਦੇਣਾ।

ਗੰਡਾ ਸਿੰਘ : ਨਹੀਂ, ਅੱਜ ਕੋਈ ਰੱਫੜ ਨਹੀਂ। ਅੱਜ ਅਸੀਂ ਮਿਲ ਕੇ ਇਹ ਜਸ਼ਨ ਮਨਾਵਾਂਗੇ ਕਿ ਸਾਡੇ ਜੰਗਲਵਾੜੇ ਵਿਚ ਕਿਸੇ ਕੁੜੀ ਨੇ ਪੈਰ ਪਾਇਆ। ਜੀ ਓਏ, ਸਾਡੇ ਨਿੱਕੇ ਵੀਰ ਅਸੀਂ ਜਸ਼ਨ ਮਨਾਵਾਂਗੇ। ਮਲੂਕਾ, ਨੱਥਾ ਸਿੰਘ, ਤਾਰਾ ਸਿੰਘ ਤੇ ਮੈਂ ਗੰਡਾ ਸਿੰਘ। ਮੇਰੀ ਮਾਂ ਨੇ ਮੇਰਾ ਕੋਈ ਚੰਗਾ ਜਿਹਾ ਨਾਂ ਕਿਉਂ ਨਹੀਂ ਰੱਖਿਆ।

ਤਾਰਾ ਸਿੰਘ : ਜਿਹੋ ਜਿਹਾ ਮੂੰਹ, ਉਹੋ ਜਿਹੀ ਚਪੇੜ।

*(ਸਾਰੇ ਹੱਸਦੇ ਹੱਸਦੇ ਜਾਂਦੇ ਹਨ। ਮਲੂਕਾ ਸਟੇਜ 'ਤੇ ਇਕੱਲਾ ਜਾਂਦਿਆਂ ਵੇਖਦਾ ਹੈ।)*

ਧਾਮੀ : ਮਲੂਕੇ ਲਈ ਗ਼ਦਰ ਲਹਿਰ ਪਿਛੇ ਕੰਮ ਕਰਦੀ ਪ੍ਰੇਰਨਾ ਨੂੰ ਸਮਝਣਾ ਬਹੁਤ ਸੌਖਾ ਸੀ। ਇਸ ਨਵੀਂ ਦੁਨੀਆ ਵਿਚ ਇਹ ਸਵੈਮਾਨ ਵਾਲੇ ਪੰਜਾਬੀ ਜਦੋਂ ਆਪਣੇ ਨਾਲ ਹੁੰਦੇ ਵਿਤਕਰੇ ਬਾਰੇ ਇਨਸਾਫ਼ ਨਾ ਹਾਸਲ ਕਰ ਸਕਦੇ ਤਾਂ ਉਹ ਆਪਦੇ ਆਪ ਨੂੰ ਸਵਾਲ ਪੁੱਛਦੇ... ਉਹ ਲੋਕ ਜਿਨ੍ਹਾਂ ਨੂੰ ਆਪਣੇ ਮੁਲਕ ਵਿਚ ਕੋਈ ਅਧਿਕਾਰ ਪ੍ਰਾਪਤ ਨਹੀਂ, ਉਹ ਕਿਸੇ ਬਾਹਰਲੇ ਮੁਲਕ ਵਿਚ ਕਿਸ ਤਰ੍ਹਾਂ ਦੇ ਅਧਿਕਾਰਾਂ ਦੀ ਆਸ ਕਰ ਸਕਦੇ ਹਨ ? ਇਸ ਕਰਕੇ ਜੋਸ਼ ਅਤੇ ਉਦਾਸੀ ਭਰੇ ਮਨਾਂ ਨਾਲ ਉਹ ਗ਼ਦਰੀਆਂ ਦੀਆਂ ਗੱਲਾਂ ਕਰਦੇ। ਉਹ ਫਾਰਮਰ ਜੁਆਲਾ ਸਿੰਘ, ਸੋਹਣ ਸਿੰਘ ਭਕਨਾ, ਨੌਜਵਾਨ ਕਰਤਾਰ ਸਿੰਘ ਸਰਾਭਾ, ਭਗਵਾਨ ਸਿੰਘ, ਬਰਕਤੁਲਾ, ਸੰਤੋਖ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਗੱਲਾਂ ਕਰਦੇ।

ਅਵਾਜ਼ : ਮਲੂਕਿਆ, ਅੱਜ ਦੀ ਜਸ਼ਨ ਦੀ ਸ਼ਾਮ ਉਸ ਕੁੜੀ ਦੇ ਨਾਂ ਜਿਸ ਨੇ

ਤੇਰੇ ਹੱਥ ਦੀ ਮਲੂਕੀ ਵੀ ਮਹਿਸੂਸ ਕੀਤੀ ਤੇ ਨਿੱਘ ਵੀ ਮਹਿਸੂਸ ਕੀਤਾ।

ਧਾਮੀ : ਮਲੂਕੇ ਦੀ ਜ਼ਿੰਦਗੀ ਦਾ ਇਕ ਹੋਰ ਮੋੜ ਉਸ ਵੇਲੇ ਆਇਆ ਜਦੋਂ ਡੁਮੀਨਅਮ ਕੱਲੜ ਮਿਲ ਨੂੰ ਅਚਾਨਕ ਅੱਗ ਲੱਗ ਗਈ ਤੇ ਉਹ ਇਕੱਲਾ ਕਾਰਾ ਰਹਿ ਗਿਆ। ਲੋਗ ਹਾਊਸ ਵਿਚ ਉਹਦੇ ਸਾਰੇ ਸਾਥੀ ਉਹਦੇ ਤੋਂ ਵਿੱਛੜ ਗਏ। ਉਸ ਨੂੰ ਹੁਣ ਯੂਨੀਵਰਸਿਟੀ ਵਿਚ ਦਾਖ਼ਲਾ ਮਿਲ ਗਿਆ ਸੀ। ਨੱਥਾ ਸਿੰਘ ਵੈਨਕੂਅਰ ਦੇ ਗੁਰਦੁਆਰੇ ਵਿਚ ਗ੍ਰੰਥੀ ਬਣ ਗਿਆ। ਤਾਰਾ ਸਿੰਘ ਨੇ ਗਰਾਸਰੀ ਸ਼ਾਪ ਖੋਲ ਲਈ। ਗੰਡਾ ਸਿੰਘ ਇੰਡੀਆ ਚਲਾ ਗਿਆ। ਰਾਤ ਨੂੰ ਮਲੂਕਾ ਮਿੱਟੀ ਦੇ ਤੇਲ ਦੇ ਲੈਂਪ, ਜਿਹੜਾ ਉਹਦੇ ਪਿੰਡ ਵਾਲੇ ਲੈਂਪ ਨਾਲੋਂ ਬਹੁਤਾ ਵੱਖਰਾ ਨਹੀਂ ਸੀ, ਸਾਹਮਣੇ ਬੈਠਦਾ ਅਤੇ ਉਸ ਵੇਲੇ ਉਸ ਦੀਆਂ ਸਾਥੀ ਸਿਰਫ਼ ਕਿਤਾਬਾਂ ਹੁੰਦੀਆਂ। ਉਹ ਬੜੀ ਤੀਬਰਤਾ ਨਾਲ ਪੜ੍ਹਦਾ। ਉਹਦੇ ਜ਼ਿੰਦਗੀ ਬਾਰੇ, ਦੁਨੀਆ ਬਾਰੇ, ਆਪਣੇ ਦੇਸ਼ ਬਾਰੇ ਵਿਚਾਰ ਪੁਖਤਗੀ ਦਾ ਰੂਪ ਲੈ ਰਹੇ ਸਨ। ਜਿਥੇ ਵੀ ਮੌਕਾ ਮਿਲਦਾ ਉਹ ਇਨ੍ਹਾਂ ਵਿਚਾਰਾਂ ਨੂੰ ਲੋਕਾਂ ਨਾਲ ਸਾਂਝਾ ਕਰਦਾ। ਭਾਵੇਂ ਉਹ ਗੁਰਦੁਆਰੇ ਵਿਚ ਬੋਲਦਾ ਹੋਵੇ ਜਾਂ ਆਪਣੀ ਕਮਿਊਨਿਸਟੀ ਦੇ ਲੋਕਾਂ ਦੇ ਇਕੱਠ ਵਿਚ।

*(ਮਲੂਕਾ ਸਟੇਜ 'ਤੇ ਅਉਂਦਾ ਹੈ।)*

ਮਲੂਕਾ : ਸਾਡੀ ਸੋਚ ਵਿਚ ਇਕ ਬੁਨਿਆਦੀ ਘਾਟ ਹੈ। ਅਸੀਂ ਬੁੜ੍ਹਿਆਂ ਦੀ ਤਰ੍ਹਾਂ ਹਮੇਸ਼ਾਂ ਪਿੱਛੇ ਬਾਰੇ ਗੱਲਾਂ ਕਰਦੇ ਰਹਿੰਦੇ ਹਾਂ। ਆਪਣੇ ਵਰਤਮਾਨ ਵਿਚ ਕੋਈ ਵੀ ਇਹੋ ਜਿਹੀ ਚੀਜ਼ ਨਹੀਂ, ਜਿਸ ਉੱਤੇ ਮਾਣ ਕੀਤਾ ਜਾ ਸਕੇ। ਇਸ ਕਰਕੇ ਅਸੀਂ ਬੀਤ ਗਏ ਦੀ ਸੁੰਦਰਤਾ ਬਾਰੇ ਵਧਾ ਕੇ ਕਲਪਨਾ ਕਰਦੇ ਰਹਿੰਦੇ ਹਾਂ। ਅਸੀਂ ਇਹ ਕਿਉਂ ਨਹੀਂ ਮੰਨਦੇ ਕੀ ਸਾਡੀ ਅੱਜ ਦੀ ਜ਼ਿੰਦਗੀ ਵਿਚ ਕੁਝ ਵੀ ਫ਼ਖ਼ਰ ਕਰਨ ਵਾਲਾ ਨਹੀਂ। ਕੀ ਸ਼ਾਨ ਹੈ ਮੰਗਤੀ ਔਰਤ ਦੀ ਉਹਦੇ ਰੱਬ ਦੀ ਜਿਸਦੇ ਉੱਤੇ ਉਹ ਸਾਰੀ ਦਿਹਾੜੀ ਪੈਸਾ ਮੰਗਦੀ ਰਹੇ ਅਤੇ ਕੀ ਸ਼ਾਨ ਹੈ ਉਨ੍ਹਾਂ ਭੁੱਖੇ ਲੋਕਾਂ ਦੀ ਜੋ ਜ਼ਿੰਦਗੀ ਅਤੇ ਬਿਮਾਰੀ ਨੂੰ ਆਪਣੀ ਕਿਸਮਤ ਮੰਨ ਲੈਣ ਅਤੇ ਇਹ ਸਭ ਕਾਸੇ ਦੇ ਬਾਵਜੂਦ ਭਾਰਤ ਵਿਚ ਕਿੰਨੇ ਹੀ ਲੋਕ ਇਹ ਮਾਣ ਨਾਲ ਕਹਿੰਦੇ ਸੁਣੇ ਜਾਂਦੇ ਹਨ ਕਿ ਉਹ ਤਰੱਕੀ ਨਾਲੋਂ ਸੰਸਾਰਿਕ ਮੁਕਤੀ ਬਾਰੇ ਜ਼ਿਆਦਾ ਫਿਕਰਮੰਦ ਹਨ। ਅਸੀਂ ਪੱਛਮ ਤੋਂ ਇਨ੍ਹਾਂ ਕੁਝ ਸਿੱਖ ਸਕਦੇ ਹਾਂ ਪਰ ਇਹ ਸਿਰਫ਼ ਕਿਤਾਬਾਂ ਪੜ੍ਹ ਕੇ ਹੀ ਨਹੀਂ ਕੀਤਾ ਜਾ ਸਕਦਾ। ਸਾਨੂੰ ਉਨ੍ਹਾਂ ਨਾਲ

ਰਹਿਣਾ ਅਤੇ ਕੰਮ ਕਰਨਾ ਪਵੇਗਾ। ਸਾਨੂੰ ਉਨ੍ਹਾਂ ਦੇ ਜ਼ਿੰਦਗੀ ਬਾਰੇ ਸਮੁੱਚੇ ਰਵੱਈਏ ਸਮਝਣੇ ਪੈਣਗੇ। ਜ਼ਿੰਦਗੀ ਦੀਆਂ ਮੁਸ਼ਕਲਾਂ ਵੱਲ ਉਨ੍ਹਾਂ ਦੀ ਪਹੁੰਚ ਨੂੰ ਸਮਝਣਾ ਪਵੇਗਾ। ਅਸੀਂ ਭੂਤ ਤੋਂ ਨਹੀਂ ਵਰਤਮਾਨ ਤੋਂ ਸਿੱਖਣਾ ਹੈ। ਬਸ ਅੱਜ ਮੈਂ ਇਹੀ ਤੁਹਾਡੇ ਨਾਲ ਗੱਲਾਂ ਕਰਨੀਆਂ ਸਨ।

*(ਹੱਥ ਜੋੜਦਾ ਹੈ ਤੇ ਬਾਹਰ ਜਾਂਦਾ ਹੈ।)*

ਧਾਮੀ : ਮਿਲ ਦੇ ਦੋਬਾਰਾ ਬਣਨ ਦੇ ਕੋਈ ਆਸਾਰ ਨਹੀਂ ਸਨ ਦਿਸਦੇ। ਜਿਹੜੀ ਇਮਾਰਤੀ ਲੱਕੜੀ ਅੱਗ ਵਿਚ ਜਲਣ ਤੋਂ ਬਚ ਗਈ ਸੀ, ਉਸ ਨੂੰ ਇਕ ਵਪਾਰੀ ਨੇ ਖਰੀਦ ਲਿਆ ਸੀ। ਮਲੂਕੇ ਨੂੰ ਇਸ ਨਾਲ ਬਹੁਤ ਦੁੱਖ ਹੋਇਆ, ਕਿਉਂਕਿ ਉਹ ਸਦਾ ਉਹਨੂੰ ਉਨ੍ਹਾਂ ਕਾਮਿਆਂ ਦੀ ਯਾਦ ਦਿਵਾਉਂਦੀਆਂ ਸਨ, ਜਿਨ੍ਹਾਂ ਸਖ਼ਤ ਮਿਹਨਤ ਕਰਕੇ ਆਪਣਾ ਪਸੀਨਾ ਮਿਲ ਵਿਚ ਵਹਾਇਆ ਸੀ।

ਕਦੇ ਕਦੇ ਐਤਵਾਰ ਸਵੇਰ ਨੂੰ ਮਿਲ ਵਿਚ ਕੰਮ ਕਰਨ ਵਾਲੇ ਪੁਰਾਣੇ ਲੋਕ ਮਿਲਣ ਲਈ ਆਉਂਦੇ। ਉਹ ਉਥੇ ਕਿਸੇ ਲੋੜ ਜਾਂ ਪੁਰਾਣੀ ਯਾਦ ਦੇ ਖਿੱਚੇ ਆਉਂਦੇ। ਕੁਝ ਦੇਰ ਲਈ ਕੁੱਕ ਹਾਊਸ ਵਿਚ ਮੁੜ ਜਾਨ ਪੈ ਜਾਂਦੀ। ਆਉਣ ਵਾਲੇ ਪੁਰਾਣੇ ਲੋਕ ਸ਼ੋਰ ਸ਼ਰਾਬੇ ਭਰੇ ਦਿਨਾਂ ਨੂੰ ਯਾਦ ਕਰਦੇ ਅਤੇ ਲੋਚਾ ਕਰਦੇ ਕਿ ਕਾਸ਼ ਉਹ ਦਿਨ ਫੇਰ ਮੁੜ ਆਉਣ।

ਜਿਹੜੇ ਮਿਲ ਨੂੰ ਅੱਗ ਲੱਗਣ ਤੋਂ ਬਾਅਦ ਭਾਰਤ ਨੂੰ ਚਲੇ ਗਏ ਸਨ, ਉਨ੍ਹਾਂ ਵਿਚੋਂ ਕਈ ਵਾਪਸ ਆਉਣੇ ਸ਼ੁਰੂ ਹੋ ਗਏ ਸਨ। ਉਹ ਦੂਜਿਆਂ ਬਾਰੇ ਖ਼ਬਰਸਾਰ ਲਿਆਉਂਦੇ ਸਨ। ਉਹ ਦੱਸਦੇ ਸ਼ਾਮ ਸਿੰਘ ਜਲੰਧਰ, ਹੁਸ਼ਿਆਰਪੁਰ ਸੜਕ ਉਤੇ ਫੇਰ ਗੱਡਾ ਵਾਹੁਣ ਲੱਗ ਪਿਆ ਸੀ ਅਤੇ ਬੜਾ ਖੁਸ਼ ਸੀ। ਸੰਤੋਖ ਸਿੰਘ ਨੇ ਹੋਰ ਜ਼ਮੀਨ ਖਰੀਦ ਲਈ ਸੀ ਅਤੇ ਇਕ ਨਵਾਂ ਖੂਹ ਵੀ ਪੁੱਟਵਾ ਲਿਆ ਸੀ। ਖੇਮ ਸਿੰਘ ਨੇ ਲਾਲ ਇੱਟਾ ਦਾ ਚੁਬਾਰਾ ਛੱਤ ਲਿਆ ਸੀ ਅਤੇ ਜਰਨੈਲ ਸਿੰਘ ਆਪਣੇ ਆਖਰੀ ਸਾਹ ਲੈ ਚੁੱਕਿਆ ਸੀ। ਗੰਡਾ ਸਿੰਘ ਵੀ ਮੁੜਕੇ ਆਇਆ ਸੀ ਪਰ ਇੰਡੀਆ ਬਾਰੇ ਉਸ ਵਿਚ ਬੜੀ ਕੁਲਤਨ ਸੀ।

*(ਮਲੂਕਾ ਅਤੇ ਗੰਡਾ ਸਿੰਘ)*

ਗੰਡਾ ਸਿੰਘ : ਮੁੰਡਿਆਂ ਤੈਨੂੰ ਦੁਬਾਰਾ ਮਿਲ ਕੇ ਬੜੀ ਖੁਸ਼ੀ ਹੋਈ। ਬੜਾ ਨਿੱਖਰਿਆਂ ਹੋਇਆ ਏਂ।

ਮਲੂਕਾ : ਇੰਡੀਆਂ ਕਿਵੇਂ ਸੀ ਬਾਈ ?

ਗੰਡਾ ਸਿੰਘ : ਬੜਾ ਗੰਦਾ ਅਤੇ ਬੇਈਮਾਨ ਮੁਲਕ ਏ। ਉਂਜ ਰੱਬ ਕੋਲੋਂ ਡਰਨ ਦੀਆਂ

ਗੱਲਾਂ ਕਰਨਗੇ, ਆਤਮਾ ਪ੍ਰਮਾਤਮਾ ਦੀ ਗੱਲ ਕਰਨਗੇ ਪਰ ਅਸਲ ਵਿਚ ਪੈਸਾ ਹੀ ਉਨ੍ਹਾਂ ਦਾ ਪ੍ਰਮਾਤਮਾ ਹੈ। ਪੈਂਦੇ ਵੀ ਝਪਟ ਮਾਰਨ ਆ, ਜਿੱਦਾਂ ਕਾਂ ਜੁਆਰ ਦੀ ਰੋਟੀ ਨੂੰ ਪੈਂਦਾ ਐ। ਉਹ ਤਾਂ ਗਿੱਦੜਾਂ ਤੋਂ ਵੀ ਵੱਧ ਮਾਸਖੋਰੇ ਆ ਅਤੇ ਕਾਵਾਂ ਤੋਂ ਵੀ ਵੱਧ ਰੌਲੀ ਪਾਉਂਦੇ ਆ।

ਮਲੂਕਾ : ਲੈ ਬਾਈ, ਤੇਰੀ ਗੱਲਬਾਤ ਤਾਂ ਅਜੇ ਵੀ ਜਿਉਂ ਦੀ ਤਿਉਂ ਰੰਗਲੀ ਆ। ਇਸ ਦੱਸ ਘਰ ਤੇਰੇ ਭਰਾਵਾਂ ਦਾ ਕੀ ਹਾਲ ਏ, ਜਿਨ੍ਹਾਂ ਨੂੰ ਆਪ ਤੰਗੀਆਂ ਕੱਟ ਕੇ ਨਸੀਅਤ ਪਾਉਂਦਾ ਰਹਿੰਦਾ ਸੀ।

ਗੰਡਾ ਸਿੰਘ : ਸਾਰੇ ਕੁੱਤੀ ਦੇ ਪੁੱਤਰ ਨੇ। ਘਰ ਗਿਆ ਤਾਂ ਪਹਿਲੇ ਬਹੁਤ ਖਾਤਿਰ ਕੀਤੀ। ਉਨ੍ਹਾਂ ਨੂੰ ਆਸ ਸੀ ਕਿ ਪ੍ਰਦੇਸਾਂ ਤੋਂ ਖਜ਼ਾਨੇ ਕਮਾ ਕੇ ਆਇਆ ਹਾਂ ਪਰ ਜਦੋਂ ਉਨ੍ਹਾਂ ਨੇ ਵੇਖਿਆ ਕਿ ਮੈਂ ਕੁਝ ਨਹੀਂ ਦਿੱਤਾ... ਦੇਂਦਾ ਤਾਂ ਜੇ ਕੋਲ ਹੁੰਦਾ... ਤਾਂ ਉਨ੍ਹਾਂ ਇਹ ਸੋਚਿਆ ਕਿ ਮੈਂ ਉਨ੍ਹਾਂ ਤੋਂ ਪੈਸੇ ਲੁਕੋ ਰਿਹਾ ਸਾਂ। ਮੇਰੇ ਨਾਲ ਉਨ੍ਹਾਂ ਦਾ ਝਗੜਾ ਚਲਦਾ ਰਿਹਾ, ਉਹ ਤਿੰਨ ਜਣੇ ਤੇ ਮੈਂ ਇਕੱਲਾ। ਇਕ ਦਿਨ ਤਾਂ ਇਕੱਠੇ ਕੁੱਟਣ ਨੂੰ ਪੈ ਗਏ।

ਮਲੂਕਿਆ, ਮੈਨੂੰ ਤਾਂ ਮੁਲਕੇ ਜਾਣਾ ਹੀ ਨਹੀਂ ਸੀ ਚਾਹੀਦਾ। ਜਾਂ ਤਾਂ ਪਿੱਛੇ ਟੱਬਰ ਟੀਰ ਹੋਵੇ ਤਾਂ ਠੀਕ ਆ ਨਹੀਂ ਤਾਂ ਕਲਾਕਾਰ ਬੰਦਾ ਤਾਂ ਇਥੇ ਕੈਨੇਡਾ ਦੇ ਜੰਗਲਾਂ ’ਚ ਹੀ ਠੀਕ ਰਹਿੰਦਾ। ਨਾਲੇ ਤਾਂ ਲੋਗਿੰਗ ਕੈਂਪਾਂ ’ਚ ਹਵਾ ਤਾਜ਼ਾ ਹੁੰਦੀਆਂ ਤੇ ਸਾਲਾ ਖਾਣ ਨੂੰ ਵਧੀਆ... ਹਾਂ ਤੇ ਤੇਰੀ ਉਸ ਕੁੜੀ ਦਾ ਕੀ ਹਾਲ ਏ ? ਫੇਰ ਕਦੀ ਆਈ ? ਹੁਣ ਤਾਂ ਤੂੰ ਇਥੇ ਇਕੱਲਾ ਏਂ, ਆਵੇ ਤਾਂ ਮੌਜਾਂ ਲੱਗ ਜਾਣ। ਕਿਉਂ ਲੱਗ ਜਾਣ ਕਿ ਨਾ ?

ਮਲੂਕਾ : ਨਹੀਂ ਉਹ ਸਕੂਲ ਦੇ ਬਾਅਦ ਫੇਰ ਨਹੀਂ ਮਿਲੀ, ਉਹਦਾ ਡੈਡੀ ਕੈਲਗਰੀ ਚਲਾ ਗਿਆ ਤੇ ਉਹ ਵੀ ਉਹਦੇ ਨਾਲ।

ਗੰਡਾ ਸਿੰਘ : ਕਦੀ ਯਾਦ ਆਈ ? (ਮਲੂਕਾ ਜਵਾਬ ਨਾ ਦੇਂਦਾ) ਬੜੀ ਆਉਂਦੀ ਹੋਣੀ ਏ। ਹੈ ਵੀ ਉਹ ਚੀਜ਼ ਯਾਦ ਰੱਖਣ ਵਾਲੀ ਸੀ। ਹਾਂ ਮੈਂ ਵੀ ਹੁਣ ਕਿਧਰੇ ਜੰਗਲਾਂ ’ਚ ਜਾ ਵੜਨਾ ਪਰ ਤੈਨੂੰ ਕਿਤੇ ਨਾ ਕਿਤੇ ਮਿਲਣ ਆਉਂਦਾ ਰਹੂੰਗਾ। ਪਰ ਹੁਣ ਤੈਨੂੰ ਮੇਰੇ ਲਈ ਕੋਈ ਚਿੱਠੀ ਨਹੀਂ ਲਿਖਣੀ ਪੈਣੀ ਨਾ ਹੀ ਉਹ ਪੀਲੇ ਪੀਲੇ ਮਨੀ ਆਰਡਰ ਫਾਰਮ ਭਰਨੇ ਪੈਣੇ ਆ। ਬੱਚੂ ਪੁੱਛਦੇ ਰਹਿਣਾ ਡਾਕੀਏ ਨੂੰ ਆਇਆ ਕੋਈ ਮਨੀ ਆਰਡਰ ਕੈਨੇਡਾ ਤੋਂ... ਆਹੋ ਆਏ ਨੇ ਸਾਲਿਓ ਡਾਲਰ, ਤੁਹਾਡੇ ਮੋਇਆਂ ਬਾਅਦ ਤੁਹਾਡੇ ਉੱਤੇ ਚਾਦਰ ਪਾਉਣ ਲਈ।

ਚੱਲ ਥੋੜ੍ਹੀ ਦੇਰ ਦਰਿਆ ਦੇ ਕਿਨਾਰੇ ਬੈਠੀਏ। ਉਨ੍ਹਾਂ ਸੀਗਲਾਂ ਦੀ ਉਡਾਰੀ ਦਾ ਆਪਣਾ ਹੀ ਨਜ਼ਾਰਾ ਹੁੰਦਾ ਸੀ। ਆਪਣੇ ਪੰਜਾਬ ਵੀ ਹੋ ਆਇਆ ਹਾਂ ਪਰ ਇਥੋਂ ਦੀ ਯਾਦ ਨਹੀਂ ਭੁੱਲੀ। (ਦੋਨੋਂ ਜਾਂਦੇ ਹਨ।)

ਧਾਮੀ : ਮਲੂਕੇ ਦੀ ਜ਼ਿੰਦਗੀ ਦਾ ਇਕ ਹੋਰ ਮੋੜ ਆਇਆ ਜਦੋਂ ਪੱਗ ਅਤੇ ਕੇਸ ਵਾਲੇ ਰੂਪ ਨੂੰ ਕਾਇਮ ਰੱਖਣ ਬਾਰੇ ਉਹਦੇ ਮਨ ਵਿਚ ਦੁਬਿਧਾ ਜਿਹੀ ਉਤਪੰਨ ਹੋ ਗਈ। ਉਹਦਾ ਧਰਮ ਗੁਰੂ ਨਾਨਕ ਦਾ ਧਰਮ ਸੀ। ਉਸ ਧਰਮ ਵਿਚ ਉਹਦਾ ਦ੍ਰਿੜ ਵਿਸ਼ਵਾਸ ਸੀ। ਇਹ ਧਰਮ ਕਹਿੰਦਾ ਸੀ ਕਿ ਸਚਾਈ ਸਦੀਵੀ ਹੁੰਦੀ ਐ ਅਤੇ ਇਸਦਾ ਕੋਈ ਰੂਪ ਨਹੀਂ ਹੁੰਦਾ। ਪਰ ਹੁਣ ਸਿੱਖ ਧਰਮ ਵਿਚ ਇਨ੍ਹਾਂ ਚਿੰਨ੍ਹਾਂ ਅਤੇ ਰੂਪਾਂ 'ਤੇ ਕਿਉਂ ਇੰਨਾ ਜ਼ੋਰ ਦਿੱਤਾ ਜਾ ਰਿਹਾ ਸੀ ? ਕੀ ਅਣਕੱਟੇ ਕੇਸ ਅਤੇ ਪੱਗ ਗੁਰੂ ਨਾਨਕ ਦੇ ਧਰਮ ਦਾ ਅਟੁੱਟ ਅੰਗ ਸਨ ?

ਮਲੂਕੇ ਦੇ ਮਨ ਵਿਚ ਇਹ ਸੁਆਲ ਉੱਠਦੇ ਪਰ ਮਲੂਕੇ ਨੂੰ ਇਹ ਵੀ ਇਤਿਹਾਸ ਪਤਾ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਖ਼ਾਲਸੇ ਨੂੰ ਇਹ ਰੂਪ ਦਿੱਤਾ ਸੀ ਕਿ ਉਹ ਲੱਖਾਂ ਵਿਚ ਇਕ ਪਛਾਣਿਆ ਜਾਏ ਇਹ ਇਕ ਅਨੁਸ਼ਾਸਨ ਦਾ ਚਿੰਨ੍ਹ ਸੀ। ਜ਼ੁਲਮ ਦੇ ਖਿਲਾਫ਼ ਸੰਘਰਸ਼ ਦਾ ਚਿੰਨ੍ਹ ਸੀ।

ਮਲੂਕਾ ਸੋਚੀ ਜਾਵੇ, ਦਿਨ ਰਾਤ ਸੋਚੀ ਜਾਵੇ ਅਤੇ ਉਹਦੀ ਸੋਚ ਬਣੀ ਕਿ ਭਾਵੇਂ ਇਤਿਹਾਸਕ ਅਤੇ ਮੌਜੂਦਾ ਸਮਾਜਕ ਅਤੇ ਸਿਆਸੀ ਕਾਰਨਾਂ ਕਰਕੇ ਇਕ ਸਿੱਖ ਲਈ ਭਾਰਤ ਵਿਚ ਕੇਸ ਰੱਖਣੇ ਅਤੇ ਪੱਗ ਬੰਨ੍ਹਣੀ ਜ਼ਰੂਰੀ ਸੀ ਪਰ ਕੀ ਕੈਨੇਡਾ ਵਿਚ ਵੀ ਇਹਦੀ ਉਨੀਂ ਹੀ ਮਹੱਤਤਾ ਹੈ ? ਇਸਦਾ ਜਵਾਬ ਉਸਦੀ ਸੋਚ ਨੇ ਨਾਂਹ ਵਿਚ ਦਿੱਤਾ। ਇਸ ਕਰਕੇ ਉਹਨੇ ਕੇਸ ਕਟਾਉਣ ਅਤੇ ਪੱਗ ਲਾਹ ਦੇਣ ਦਾ ਫ਼ੈਸਲਾ ਕਰ ਲਿਆ। ਮਲੂਕੇ ਦੇ ਪਤਿਤ ਹੋਣ ਦੀ ਖ਼ਬਰ ਉਹਦੀ ਕਮਿਊਨਿਟੀ ਵਿਚ ਬੜੀ ਤੇਜ਼ੀ ਨਾਲ ਫੈਲੀ। ਵੀਕ ਐਂਡ 'ਤੇ ਉਹਦੇ ਪੁਰਾਣੇ ਸਾਥੀ ਉਥੇ ਮਿਲੇ ਜਿਥੇ ਮਲੂਕੇ ਨੇ ਕੈਨੇਡਾ ਵਿਚ ਆਪਣੀ ਜ਼ਿੰਦਗੀ ਦਾ ਸਫ਼ਰ ਸ਼ੁਰੂ ਕੀਤਾ ਸੀ।

*(ਨੱਥਾ ਸਿੰਘ, ਗੰਡਾ ਸਿੰਘ, ਤਾਰਾ ਸਿੰਘ ਆਉਂਦੇ ਹਨ। ਮਲੂਕੇ ਨੂੰ ਅਵਾਜ਼ ਦੇਂਦੇ ਨੇ "ਮਲੂਕਿਆ... ਮਲੂਕਿਆ" ਮਲੂਕਾ ਆਉਂਦਾ ਹੈ।)*

ਤਾਰਾ ਸਿੰਘ : ਉਹਦੇ ਵੱਲ ਉੱਤੇ ਹੋ ਕੇ ਵੇਖਦਾ ਹੋਇਆ) ਓਏ ਮਲੂਕਿਆ, ਇਹ ਤੂੰ ਕੀ ਅਨਰਥ ਕੀਤਾ ? ਤੈਨੂੰ ਪਤਾ ਏ, ਇਹ ਕੇਸ ਤੇ ਪੱਗ ਤੇਰੇ

ਕੋਲ ਗੁਰੂ ਦੀ ਅਮਾਨਤ ਸਨ, ਤੂੰ ਇਹ ਅਮਾਨਤ ਨਾ ਸਾਂਭੀ, ਤੇਰਾ ਕਦੋਂ ਭਲਾ ਹੋਵੇਗਾ।

ਨੱਥਾ ਸਿੰਘ : ਤੂੰ ਇਹ ਕਿਉਂ ਕੀਤਾ ? ਮੈਨੂੰ ਤਾਂ ਸਮਝ ਨਹੀਂ ਆਈ, ਤੂੰ ਇਹਦੇ ਬਾਰੇ ਸੋਚਿਆ ਸੀ ?

ਮਲੂਕਾ : ਸਵਾਹ ਸੋਚਿਆ ਸੀ। ਇਹ ਸਭ ਕੁਝ ਪੱਛਮ ਦੀ ਵਿਦਿਆ ਦਾ ਅਸਰ ਏ, ਜੋ ਬੰਦੇ ਨੂੰ ਆਪਣੇ ਧਰਮ ਤੋਂ ਨਾਬਰ ਕਰ ਦਿੰਦੀ ਏ। ਜ਼ਰੂਰ ਕਿਸੇ ਕੁੜੀ ਦੇ ਇਸ਼ਕ ਵਿਚ ਫੱਸ ਗਿਆ ਹੋਣਾ ਏ। ਉਹ ਕਿਸੇ ਨੂੰ ਪਿਆਰ ਕਰਦੀਆਂ ਨੇ ਤਾਂ ਪਹਿਲੀ ਸ਼ਰਤ ਇਹ ਰੱਖਦੀਆਂ ਨੇ ਕਿ ਪਹਿਲਾਂ ਇਸ ਦਾੜ੍ਹੀ, ਪੱਗ ਤੋਂ ਨਿਜਾਤ ਪਾ।

ਗੰਡਾ ਸਿੰਘ : ਠੀਕ ਕਹਿੰਦਾ ਏਂ, ਅਗਲੀਆਂ ਨੇ ਚੁੰਮਣ ਸਾਂਝੇ ਕਰਨੇ ਹੁੰਦੇ ਨੇ ਤੇ ਉਹ ਭਾਈ ਤਾਰਾ ਸਿੰਘ ਵਰਗਿਆਂ ਨਾਲ ਐਵੇਂ ਨਹੀਂ ਕੀਤਾ ਜਾ ਸਕਦਾ। ਸੁਣਿਆ, ਇਹ ਠੀਕ ਹੀ ਕੰਮ ਕੀਤਾ ਏ ਤੂੰ, ਬਾਹਲੀਆਂ ਨਾ ਕਿਸੇ ਦੀਆਂ ਸੁਣੀ, ਇਹ ਤਾਂ ਜਿਥੇ ਆਪ ਟੰਗੇ ਹੋਏ ਆ, ਤੈਨੂੰ ਵੀ ਉਥੇ ਹੀ ਰੱਖਣਾ ਚਾਹੁੰਣਗੇ। ਸਿਰ ’ਤੇ ਪੱਗ ਰੱਖ ਜਾਂ ਟੋਪੀ, ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ। ਅਸਲ ਗੱਲ ਤਾਂ ਇਹ ਹੈ ਕਿ ਸਿਰ ’ਚ ਹੈ ਕੀ ?

ਨੱਥਾ ਸਿੰਘ : ਮਲੂਕਿਆ, ਤੂੰ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਤੂੰ ਕੀ ਸੋਚਿਆ?

ਮਲੂਕਾ : ਚਾਚਾ, ਮੈਂ ਇਕ ਵਿਸ਼ਾਲ ਦੁਨੀਆ ਵਿਚ ਵਿਚਰਨਾ ਚਾਹੁੰਦਾ ਹਾਂ, ਦੁਨੀਆ ਨਾਲ ਪਹਿਚਾਣ ਕਰਨਾ ਚਾਹੁੰਦਾ ਹਾਂ, ਪਤਾ ਨਹੀਂ ਮੈਂ ਕਿਉਂ ਸੋਚਿਆ ਕਿ ਇਹ ਪੱਗ ਅਤੇ ਦਾੜ੍ਹੀ ਮੇਰੇ ਉਸ ਕੰਮ ਵਿਚ ਰੁਕਾਵਟ ਪਾ ਸਕਦੇ ਨੇ। ਮੈਂ ਆਪਣਾ ਧਰਮ ਛੱਡਿਆ ਨਹੀਂ, ਸਿਰਫ਼ ਉਸ ਦੀਆਂ ਬੰਦਸ਼ਾਂ ਤੋਂ ਆਪਣੇ ਆਪ ਨੂੰ ਆਜ਼ਾਦ ਕਰਵਾਇਆ ਏ। ਇਹ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਮੈਂ ਠੀਕ ਕੀਤਾ ਏ ਜਾਂ ਗਲਤ। ਮੇਰੇ ਬਜ਼ੁਰਗੋ, ਮੈਨੂੰ ਮੁਆਫ਼ ਕਰਨਾ ਜੇ ਮੈਂ ਤੁਹਾਡਾ ਦਿਲ ਦੁਖਾਇਆ ਹੈ।

*(ਉਨ੍ਹਾਂ ਦੇ ਪੈਰਾਂ ਵੱਲ ਝੁੱਕਦਾ ਹੈ।)*

ਗੰਡਾ ਸਿੰਘ : ਆਓ ਅਸੀਂ ਸਾਰੇ ਉਸ ਕੁੱਕ ਹਾਊਸ ਨੂੰ ਵਿਦਾਇਗੀ ਦੇਈਏ, ਜਿਸ ਵਿਚ ਅਸੀਂ ਜ਼ਿੰਦਗੀ ਦੇ ਹਸੀਨ ਪਲ ਗੁਜ਼ਾਰੇ ਹਨ।

ਤਾਰਾ ਸਿੰਘ : ਹਾਂ, ਅਸੀਂ ਉਥੇ ਅਰਦਾਸ ਕਰਾਂਗੇ ਕਿ ਰੱਬ ਸਾਨੂੰ ਸੁਮੱਤ ਦੇਵੇ ਕਿ ਅਸੀਂ ਆਪਣੇ ਰਾਹ ’ਤੇ ਸਿਦਕ ਦਿਲੀ ਨਾਲ ਚੱਲ ਸਕੀਏ।

ਧਾਮੀ : ਮਲੂਕੇ ਨੇ ਬੀ. ਸੀ. ਛੱਡਣ ਦਾ ਫ਼ੈਸਲਾ ਕਰ ਲਿਆ। ਉਹਦੇ ਅੰਦਰ

ਖੁੱਲੇ ਮੈਦਾਨ ਅਤੇ ਉਸ ਤੋਂ ਵੀ ਪਰ੍ਹੇ ਦਾ ਦੇਸ਼ ਵੇਖਣ ਦੀ ਖਾਹਿਸ਼ ਤਾਂ ਪਹਿਲਾਂ ਹੀ ਕਾਫੀ ਮਜ਼ਬੂਤ ਸੀ। ਉਹਦੀ ਕਮਿਊਨਿਟੀ ਨਾਲ ਇਸ ਮਾੜੀ ਘਟਨਾ ਕਰਕੇ ਜੋ ਦੂਰੀ ਪੈਦਾ ਹੋ ਗਈ ਸੀ ਇਸਦੇ ਨਾਲ ਉਹਦਾ ਰੌਕੀ ਪਹਾੜਾਂ ਤੋਂ ਪਰ੍ਹੇ ਜਾਣ ਦਾ ਫ਼ੈਸਲਾ ਛੇਤੀ ਹੋ ਗਿਆ। ਉਹ ਫਰੇਜ਼ਰ ਦਰਿਆ ਨੂੰ ਅਲਵਿਦਾ ਕਹਿਣ ਲਈ ਕਿਨਾਰੇ 'ਤੇ ਘੁੰਮ ਰਿਹਾ ਸੀ। ਉਹਨੇ ਦਰਿਆ ਵੱਲ ਤੇਜ਼ ਕਦਮੀਂ ਤੁਰੀ ਆਉਂਦੀ ਕੁੜੀ ਨੂੰ ਵੇਖਿਆ, ਕੀ ਇਹ ਡੋਰਿਸ ਹੋ ਸਕਦੀ ਹੈ ? ਉਸਨੇ ਸੋਚਿਆ ਜਾਂ ਕੀ ਇਹ ਇਕ ਜਵਾਨ ਇਕੱਲੇ ਆਦਮੀ ਦਾ ਸੁਪਨਾ ਹੀ ਸੀ, ਜਿਹੜਾ ਅਸਲੀਅਤ ਜਾਪ ਰਿਹਾ ਸੀ।

*(ਡੋਰਿਸ ਅਤੇ ਮਲੂਕਾ ਮਿਲਦੇ ਹਨ।)*

ਮਲੂਕਾ : ਯਕੀਨ ਨਹੀਂ ਆ ਰਿਹਾ ਕਿ ਤੂੰ ਸੱਚਮੁੱਚ ਇਥੇ ਏਂ ?

*(ਇਕ ਦੂਜੇ ਵੱਲ ਪਿਆਰ ਨਾਲ ਵੇਖਦੇ ਹਨ ਤੇ ਧਾਹ ਕੇ ਗਲਵਕੜੀ ਪਾਉਂਦੇ ਹਨ।)*

ਡੋਰਿਸ : ਤੂੰ ਤਾਂ ਕਦੀ ਖੱਤ ਵੀ ਨਹੀਂ ਲਿਖਿਆ। ਮੈਂ ਹੈਰਾਨ ਸਾਂ ਕਿ ਪਤਾ ਨਹੀਂ ਤੈਨੂੰ ਕੀ ਹੋ ਗਿਆ। ਮੈਨੂੰ ਤਾਂ ਡਰ ਸੀ ਕਿ ਮੈਂ ਤੈਨੂੰ ਸ਼ਾਇਦ ਮੁੜਕੇ ਮਿਲਣਾ ਹੀ ਨਹੀਂ। ਪਰ ਜੋ ਕੁਝ ਵੀ ਤੇਰਾ ਮੇਰੇ ਦਿਲ ਕੋਲ ਸੀ ਮੈਂ ਉਹਦਾ ਪੱਲਾ ਨਹੀਂ ਛੱਡਿਆ।

ਡੋਰਿਸ : ਤੈਨੂੰ ਕਿਥੇ ਲਿਖਦੀ ? ਤੂੰ ਇਥੇ ਇਸ ਉਜਾੜ ਵਿਚ ਇੱਕਲਾ ਡੇਰਾ ਲਾਇਆ ਹੋਇਆ ਏ, ਹਰ ਪਾਸੇ ਪਈ ਸੁਆਹ ਤੇ ਕੋਇਲੇ ਵੇਖ ਕੇ ਏਦਾਂ ਲਗਦਾ ਜਿਵੇਂ ਇਹ ਇਕ ਵੱਡੀ ਸਾਰੀ ਸ਼ਮਸ਼ਾਨਗਾਹ ਹੋਵੇ।

ਮਲੂਕਾ : ਮੇਰੇ ਲਈ ਤਾਂ ਇਹ ਥਾਂ ਧੜਕਦੀ ਜ਼ਿੰਦਗੀ ਦੀ ਥਾਂ ਹੈ ਪਰ ਹੁਣ ਮੈਂ ਇਹ ਥਾਂ ਛੱਡ ਰਿਹਾ ਹਾਂ। ਪਰ ਤੂੰ ਦੱਸ ਤੂੰ ਕਿਵੇਂ ਅਚਾਨਕ ਆ ਗਈ।

ਡੋਰਿਸ : ਮੈਂ ਵੈਨਕੂਵਰ ਆਪਣੇ ਚਾਚੇ ਕੋਲ ਛੁੱਟੀਆਂ ਕੱਟਣ ਆਈ ਹਾਂ। ਮੈਂ ਤੇਰੇ ਨਾਲ ਕਿਵੇਂ ਸੰਪਰਕ ਕਰਦੀ ? ਇਥੇ ਤਾਂ ਤੈਨੂੰ ਪੁਲਿਸ ਵੀ ਨਹੀਂ ਲੱਭ ਸਕਦੀ। ਮੈਂ ਤਾਂ ਉਦਾਂ ਹੀ ਏਧਰ ਨੂੰ ਆ ਗਈ। ਤੂੰ ਤਾਂ ਰੋਬਿਨਸਨ ਕਰੂਸੋ ਦੀ ਤਰ੍ਹਾਂ ਏ। ਸਭਿਅਤਾ ਦੇ ਕੰਢੇ ਉਤੇ ਜੀ ਰਿਹਾ ਏਂ। ਕੀ ਤੈਨੂੰ ਇਕੱਲੇ ਇਥੇ ਡਰ ਨਹੀਂ ਲੱਗਦਾ ?

ਮਲੂਕਾ : ਨਹੀਂ, ਇਥੇ ਮੇਰੇ ਕੋਲ ਚਲਦਾ ਪਾਣੀ ਏ, ਅੱਗ ਬਾਲਣ ਲਈ ਲੱਕੜੀ ਅਤੇ ਰਹਿਣ ਲਈ ਮੁਫ਼ਤ ਦੀ ਦੁਆ ਨਾਲ ਮਰੀਨ ਡਰਾਇਵ ਉੱਤੇ ਰਹਿਣ ਵਾਲੇ ਅਮੀਰਜ਼ਾਦੇ ਖੁਸ਼ ਹਨ ਕਿ ਉਨ੍ਹਾਂ ਦੀ ਰਾਖੀ ਕਰਨ ਲਈ ਇਕ ਮੁਫ਼ਤ ਦਾ ਚੌਂਕੀਦਾਰ ਹੈ।

ਡੋਰਿਸ : ਕੀ ਤੈਨੂੰ ਇਕੱਲੇ ਨੂੰ ਇਥੇ ਡਰ ਨਹੀਂ ਲੱਗਦਾ ?

ਮਲੂਕਾ : ਨਹੀਂ, ਮੈਂ ਦਰਿਆ ਨੂੰ ਪਾਰ ਕਰਦਾ ਹਾਂ, ਹਰ ਪਲ ਨਵਾਂ ਪਾਣੀ, ਪਰ ਦਰਿਆ ਉਹੀ ਦਾ ਉਹੀ। ਇਹਨੂੰ ਚਾਹੁਣ ਲੱਗ ਜਾਣਾ ਬੜਾ ਸੁਖਾਲਾ ਹੈ।

ਡੋਰਿਸ : ਤੂੰ ਤਾਂ ਜਦੋਂ ਇਥੇ ਇਕੱਲਾ ਹੁੰਦਾ ਏ, ਕਵਿਤਾ ਲਿਖਿਆ ਕਰ।

ਮਲੂਕਾ : ਪਰ ਮੈਂ ਇਥੇ ਇਕੱਲਾ ਨਹੀਂ ਹੁੰਦਾ। ਇਹ ਥਾਂ ਤਾਂ ਮੇਰੇ ਲਈ ਯਾਦਾਂ ਦਾ ਭੰਡਾਰ ਹੈ। ਤੂੰ ਹਮੇਸ਼ਾਂ ਏਥੇ ਹੁੰਦੀ ਏ, ਜ਼ਿੰਦਗੀ ਵਾਂਗ ਨਿੱਘੀ, ਫੁੱਲਾਂ ਵਾਂਗ ਤਾਜ਼ੀ।

ਡੋਰਿਸ : ਤੂੰ ਤਾਂ ਜ਼ਰੂਰ ਕਵਿਤਾ ਲਿਖਿਆ ਕਰ। (ਵਕਫਾ, ਇਕ ਦੂਜੇ ਵੱਲ ਪਿਆਰ ਨਾਲ ਵੇਖਦੇ ਹਨ।)
ਹਾਂ ਤਾਂ ਮਲੂਕੇ, ਯੂਨੀਵਰਸਿਟੀ ਕਿਵੇਂ ਹੈ ? ਕੀ ਤੂੰ ਕੁੜੀਆਂ ਵਿਚ ਉਨ੍ਹਾਂ ਹੀ ਹਰਮਨ ਪਿਆਰਾ ਏਂ, ਜਿਨ੍ਹਾਂ ਸਕੂਲ ਵਿਚ ਸੀ।

ਮਲੂਕਾ : ਕਾਫੀ ਦਿਲਚਸਪ ਹੈ, ਸਾਡੀ ਇਕ ਬਹੁਤ ਸੋਹਣੀ ਫਰਾਂਸਿਸੀ ਅਧਿਆਪਕਾ ਹੈ, ਜਿਹਦੇ ਕਾਲੇ ਗੁੰਦੇ ਹੋਏ ਵਾਲ, ਕਾਲੀਆਂ ਚਮਕਦੀਆਂ ਅੱਖਾਂ, ਚਿੱਟੇ ਮੋਤੀਆਂ ਵਾਂਗ ਕੜੇ ਹੋਏ ਦੰਦ ਹਨ, ਜਦੋਂ ਮੁਸਕੁਰਾਉਂਦੀ ਹੈ ਤਾਂ ਗੱਲ੍ਹਾਂ 'ਚ ਡੂੰਘੇ ਟੋਏ ਪੈਂਦੇ ਹਨ।

ਡੋਰਿਸ : ਤੈਨੂੰ ਯਾਦ ਏ, ਮੈਂ ਵੀ ਤੈਨੂੰ ਫਰੈਂਚ ਪੜ੍ਹਾਉਂਦੀ ਸਾਂ, ਮੈਨੂੰ ਯਕੀਨ ਹੈ ਕਿ ਉਹ ਮੇਰੇ ਨਾਲੋਂ ਵਧੀਆ ਅਧਿਆਪਕਾ ਹੋਣੀ ਏ।

ਮਲੂਕਾ : ਪਰ ਉਹ ਤੇਰੇ ਵਾਂਗ ਸ਼ਰਮਾਉਂਦੀ ਨਹੀਂ। ਨਾ ਹੀ ਮੈਨੂੰ ਪਤਾ ਹੈ ਕਿ ਉਹ ਕਿੰਨੀ ਕੁ ਨਿੱਘੀ ਹੈ, ਪਰ ਮੈਨੂੰ ਯਕੀਨ ਜ਼ਰੂਰ ਹੈ ਕਿ ਤੂੰ ਉਹਦੀ ਸਭ ਤੋਂ ਵਧੀਆ ਵਿਦਿਆਰਥਣ ਹੋਣੀ ਸੀ।

ਡੋਰਿਸ : ਮਲੂਕੇ ਮੇਰਾ ਯੂਨੀਵਰਸਿਟੀ ਜਾਣਾ ਸੰਭਵ ਨਹੀਂ ਲਗਦਾ। ਇਕ ਔਰਤਾਂ ਦੀ ਦੁਕਾਨ ਉੱਤੇ ਕੱਪੜਾ ਵੇਚਣ ਵਾਲੀ ਕੁੜੀ ਕਿੰਨੇ ਕੁ ਪੈਸੇ ਬਚਾ ਸਕਦੀ ਹੈ, ਭਾਵੇਂ ਉਹ ਆਪਣੇ ਘਰਦਿਆਂ ਨਾਲ ਹੀ ਕਿਉਂ ਨਾ ਰਹਿੰਦੀ ਹੋਵੇ। ਤੂੰ ਕੀ ਬਣਨਾ ਚਾਹੁੰਦਾ ਏ ਮਲੂਕੇ ?

ਮਲੂਕਾ : ਮੈਂ ਖਬਰੇ ਲੱਕੜਹਾਰਾ ਹੀ ਰਹਾਂ। ਮੇਰਾ ਇਕ ਦੋਸਤ ਮੈਫਾਰਲੈਂਡ ਕਹਿੰਦਾ ਹੈ ਕਿ ਮਜ਼ਦੂਰ ਜਮਾਤ ਨੂੰ ਜਥੇਬੰਦ ਕਰਕੇ ਇਕ ਐਸਾ ਸਮਾਜ ਸਿਰਜਿਆ ਜਾ ਸਕਦਾ ਹੈ ਜੋ ਸਮਾਜਿਕ ਇਨਸਾਫ਼ ਅਤੇ ਸ਼ਾਂਤੀ ਦਾ ਜ਼ਾਮਨੀ ਹੋਵੇ।

ਡੋਰਿਸ : ਕਿਤੇ ਤੂੰ ਕਮਿਊਨਿਸ਼ਟ ਤਾਂ ਨਹੀਂ ਬਣਨਾ ?

ਮਲੂਕਾ : ਉਹਦੇ ਵਿਚ ਕੀ ਮਾੜਾ ਏ ?

ਡੋਰਿਸ : ਤੇਰੀ ਕਿਸੇ ਨੇ ਨਹੀਂ ਸੁਣਨੀ। ਇਥੇ ਤਾਂ ਹਰ ਕੋਈ ਪੂੰਜੀਵਾਦੀ ਬਣਨਾ

ਚਾਹੁੰਦਾ ਹੈ।

ਮਲੂਕਾ : ਪਰ ਮੈਂ ਹੋਰ ਸਭ ਕੁਝ ਬਣ ਸਕਦਾ ਹਾਂ ਪੂੰਜੀਵਾਦੀ ਨਹੀਂ ਬਣ ਸਕਦਾ।

ਡੋਰਿਸ : ਤੂੰ ਤਾਂ ਵਕੀਲ ਜਾਂ ਪ੍ਰੋਫ਼ੈਸਰ ਬਣੇਗਾ। ਤੂੰ ਆਉਣ ਵਾਲੇ ਸਮੇਂ ਲੈਕਚਰ ਬਹੁਤ ਕਰਿਆ ਕਰੇਂਗਾ, ਇਹ ਮੈਂ ਯਕੀਨ ਨਾਲ ਦੱਸ ਸਕਦੀ ਹਾਂ। (ਉਹ ਉਹਦਾ ਹੱਥ ਆਪਣੇ ਹੱਥ ਵਿਚ ਲੈ ਲੈਂਦੀ ਹੈ, ਵਕਫਾ) ਚੱਲ ਤੇਰੀ ਝੌਂਪੜੀ ਵਿਚ ਚਲੀਏ।

ਮਲੂਕਾ : ਪਰ ਉਥੇ ਤਾਂ ਹਨੇਰਾ ਹੈ ਤੇ ਬਾਲਣ ਲਈ ਸਿਰਫ਼ ਇਕ ਮਿੱਟੀ ਦੇ ਤੇਲ ਦਾ ਦੀਵਾ।

ਡੋਰਿਸ : ਇਕ ਮਿੱਟੀ ਦੇ ਤੇਲ ਦਾ ਦੀਵਾ ਤੇ ਅਸੀਂ ਦੋਵੇਂ... ਇਸ ਤੋਂ ਵੱਧ ਹੋਰ ਕੀ ਚਾਹੀਦਾ।

*(ਦੋਨੋਂ ਇਕ ਦੂਜੇ ਦੀਆਂ ਬਾਹਾਂ 'ਚ ਬਾਹਾਂ ਪਾ ਕੇ ਬਾਹਰ ਜਾਂਦੇ ਹਨ।)*

ਧਾਮੀ : ਮਲੂਕੇ ਨੇ ਫਰੇਜ਼ਰ ਦਰਿਆ ਨੂੰ ਅਲਵਿਦਾ ਕਿਹਾ। ਸਭ ਤੋਂ ਮੁਸ਼ਕਲ ਕੰਮ ਆਪਣੀ ਪੁਰਾਣੀ ਟੁੱਹਰੀ ਨੂੰ ਅਲਵਿਦਾ ਕਹਿਣਾ ਸੀ। ਕਿੰਨੀਆਂ ਹੀ ਯਾਦਾਂ ਉਸ ਨਾਲ ਜੁੜੀਆਂ ਹੋਈਆਂ ਸਨ। ਸੇਕ ਦੇਣ ਵਾਲਾ ਚੁੱਲ੍ਹਾ ਠੰਡਾ ਪਿਆ ਸੀ, ਕਿਤਾਬ ਵਾਲੀ ਸ਼ੈਲਫ ਖਾਲੀ ਪਈ ਸੀ। ਐਡਮੈਂਟਨ ਜਾਣ ਵਾਲੀ ਫ਼ਸਲਾਂ ਵਾਲੀ ਗੱਡੀ ਚੜ੍ਹਣ ਤੋਂ ਪਹਿਲਾਂ ਮਲੂਕਾ ਅਲਵਿਦਾ ਕਹਿਣ ਵੈਨਕੂਵਰ ਦੇ ਗੁਰਦੁਆਰੇ ਗਿਆ। ਉਹ ਇਕ ਕਮਿਊਨਿਸ਼ਟ ਦਾ ਸਭ ਤੋਂ ਛੋਟਾ ਮੈਂਬਰ ਅਤੇ ਇਸ ਦਾ ਅਨਿਖੜਵਾਂ ਅੰਗ ਰਿਹਾ ਸੀ। ਕਈ ਪੱਕੇ ਕੱਟੜ ਵੀ ਜਿਹੜੇ ਉਹਦੇ ਧਰਮ ਛੱਡਣ ਕਰਕੇ ਅਜੇ ਬਹੁਤ ਗੁੱਸੇ ਸਨ, ਜਾਣ ਦੀ ਘੜੀ ਵੇਲੇ ਪਸੀਜ ਗਏ ਸਨ। ਤਾਰਾ ਸਿੰਘ ਤਾਂ ਉਸਦਾ ਬਹੁਤ ਹੀ ਆਪਣਾ ਸੀ।

ਤਾਰਾ ਸਿੰਘ : ਮਲੂਕਿਆ, ਅਸੀਂ ਸਾਰੇ, ਤੇਰੀ ਭਲਾਈ ਚਾਹੁੰਦੇ ਹਾਂ, ਸਾਡੀ ਖਾਹਿਸ਼ ਸੀ ਕਿ ਤੂੰ ਸਾਡੇ ਵਿਚ ਹੀ ਰਹਿੰਦਾ, ਸਾਨੂੰ ਤੇਰੇ ਉੱਤੇ ਬੜਾ ਮਾਣ ਹੋਣਾ ਸੀ, ਪਰ ਇੰਝ ਨਹੀਂ ਸੀ ਹੋਣੀ।

ਗੰਡਾ ਸਿੰਘ : ਮਲੂਕਿਆ ਤੇਰੇ ਵਿਚ ਜੀਣ ਦੀ ਚਾਹ ਹੈ, ਤੈਨੂੰ ਜੀਣਾ ਆਉਂਦਾ ਹੈ। ਜੀਵੀਂ ਖੂਬ ਜੀਵੀਂ। ਗੋਰੇ ਲੋਕਾਂ ਵਿਚ ਰਵੀ, ਦੂਰੀ ਨਾ ਰੱਖੀਂ। ਉਨ੍ਹਾਂ ਵਿਚੋਂ ਚੰਗੇ-ਮੰਦੇ ਦੀ ਪਹਿਚਾਣ ਕਰੀਂ। ਉਨ੍ਹਾਂ ਕੋਲ ਸਿਆਣਪ ਏ।

ਨੱਥਾ ਸਿੰਘ : ਤੈਨੂੰ ਜਿਥੇ ਵੀ ਤੇਰੀ ਜ਼ਿੰਦਗੀ ਲੈ ਕੇ ਜਾਂਦੀ ਹੈ, ਜ਼ਰੂਰ ਜਾਣਾ ਚਾਹੀਦਾ ਹੈ। ਤੂੰ ਸ਼ਕਤੀ ਵਾਲਾ ਏ ਅਤੇ ਤੇਰੀ ਰੂਹ ਬੇਚੈਨ ਹੈ, ਅਸੀਂ ਤੈਨੂੰ ਰੋਕ ਕੇ ਨਹੀਂ ਰੱਖ ਸਕਦੇ। ਜਿਵੇਂ ਇਕ ਪਰਬਤ ਉਹਦੇ 'ਚੋਂ

ਨਿਕਲਣ ਵਾਲੀ ਨਦੀ ਨੂੰ ਨਹੀਂ ਰੋਕ ਕੇ ਰੱਖ ਸਕਦਾ। ਪਰ ਸਾਡਾ ਚੇਤਾ ਨਾ ਭੁਲਾਈ।

*(ਅੰਤਿਕਾ)*

*(ਮਲੂਕਾ ਇਕ ਪਾਸੇ ਵਿੰਗ ਵੱਲ ਵੱਧ ਰਿਹਾ ਹੈ। ਨੱਥਾ ਸਿੰਘ, ਗੰਡਾ ਸਿੰਘ ਅਤੇ ਤਾਰਾ ਸਿੰਘ ਦੂਜੇ ਪਾਸੇ ਹਨ।)*

ਅਵਾਜ਼ਾਂ : –ਮਲੂਕਿਆ, ਤੂੰ ਸਾਡੀ ਕਹਾਣੀ ਲਿਖੀਂ।

–ਬਿਲਕੁਲ ਉਸੇ ਤਰ੍ਹਾਂ ਲਿਖੀਂ, ਜਿਸ ਤਰ੍ਹਾਂ ਤੂੰ ਇਥੇ ਆਪਣੀ ਅੱਖੀਂ ਵੇਖਿਆ ਏ। ਸਾਡੀ ਕਹਾਣੀ ਇਸ ਤਰ੍ਹਾਂ ਕਹੀਂ, ਜਿਸ ਤਰ੍ਹਾਂ ਤੂੰ ਸਾਨੂੰ ਗੱਲਾਂ ਕਰਦੇ ਸੁਣਿਆ ਹੈ।

–ਲਿਖੀਂ, ਅਸੀਂ ਕੋਈ ਅਜਿਹਾ ਵਾਰ ਨਹੀਂ ਸਿਹਾ, ਜਿਸ ਦਾ ਅਸੀਂ ਮੋੜਵਾਂ ਜਵਾਬ ਨਾ ਦਿੱਤਾ ਹੋਵੇ ਭਾਵੇਂ ਉਸ ਲਈ ਸਾਨੂੰ ਕਿੰਨੀ ਵੀ ਕੀਮਤ ਨਾ ਚੁਕਾਉਣੀ ਪਈ ਹੋਵੇ।

–ਲਿਖੀਂ ਕਿ ਅਸੀਂ ਹਿੰਦੁਸਤਾਨ ਦੀ ਆਜ਼ਾਦੀ ਲਈ ਗੱਲਾਂਬਾਤਾਂ ਨਾਲ ਨਹੀਂ, ਸਗੋਂ ਹੱਥਾਂ ਵਿਚ ਹਥਿਆਰ ਫੜ ਕੇ ਖੜੇ ਹੋਏ।

–ਅਸੀਂ ਉਸ ਸਮੇਂ ਆਜ਼ਾਦੀ ਲਈ ਲੜੇ ਜਦੋਂ ਸਾਰਾ ਹਿੰਦੁਸਤਾਨ ਗੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਛਾਤੀ ਨਾਲ ਲਾਈ ਬੈਠਾ ਸੀ ਅਤੇ ਉਹਦੇ ਨੇਤਾ ਛੋਟੇ–ਛੋਟੇ ਸੁਧਾਰਾਂ ਲਈ ਭੀਖ ਮੰਗਦੇ ਸਨ।

–ਅਸੀਂ ਹਿੰਦੁਸਤਾਨ ਦੀ ਜਾਗ੍ਰਿਤੀ ਲਈ ਯਕੀਨ ਨਾਲ ਅਤੇ ਨਿਰਭੈ ਹੋ ਕੇ ਕੰਮ ਕੀਤਾ। ਹਨੇਰੇ ਵਿਚ ਵੀ ਸਾਨੂੰ ਰੋਸ਼ਨੀ ਦਾ ਯਕੀਨ ਸੀ।

–ਮਲੂਕਿਆ, ਇਹ ਲਿਖੀਂ ਅਤੇ ਆਪਣੇ ਖੋਲਦੇ ਖ਼ੂਨ ਨਾਲ ਲਿਖੀਂ।

–ਅਸੀਂ ਤਾਂ ਉਦੋਂ ਮਰ ਮਿੱਟ ਗਏ ਹੋਵਾਂਗੇ, ਪਰ ਸਾਡੇ ਬੱਚੇ ਇਹ ਕਹਾਣੀ ਮਾਣ ਨਾਲ ਪੜ੍ਹਨਗੇ। ਸਾਰਾ ਭਾਰਤ ਵਰਸ਼ ਇਹਨੂੰ ਪੜ੍ਹੇਗਾ ਤੇ ਯਾਦ ਰੱਖੇਗਾ।

–ਮਲੂਕਿਆ ਲਿਖੀਂ, ਸਭ ਕੁਝ ਲਿਖੀਂ।

ਧਾਮੀ : ਹਾਂ ਮਲੂਕਿਆ ਸਭ ਕੁਝ ਲਿਖੀਂ।

*(ਇਕ ਵਿਸ਼ੇਸ਼ ਕੰਪੋਜੀਸ਼ਨ ਵਿਚ ਸਾਰੇ ਫਰੀਜ਼ ਹੁੰਦੇ ਹਨ।)*

*(ਸਮਾਪਤ)*